SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 196 | Friday, 25 October 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ

# ਪ੍ਰਧਾਨ ਮੰਤਰੀ ਟਰੂਡੋ ਵੱਲੋਂ ਕੈਨੇਡਾ ਦੇ ਇੰਮੀਗ੍ਰੇਸ਼ਨ ਟੀਚਿਆਂ ਵਿੱਚ ਵੱਡੀ ਕਟੌਤੀ ਦਾ ਐਲਾਨ

## * ਅਗਲੇ ਸਾਲ ਸਥਾਈ ਨਿਵਾਸੀਆਂ ਦਾ ਟੀਚਾ 5 ਲੱਖ ਤੋਂ ਘਟਾ ਕੇ ਕੀਤਾ 3 ਲੱਖ 95 ਹਜ਼ਾਰ * ਅਸਥਾਈ ਨਿਵਾਸੀਆਂ ਦੀ ਗਿਣਤੀ ਵੀ ਘਟਾ ਕੇ 5 ਫ਼ੀਸਦੀ ਕੀਤੀ

ਓਟਵਾ, 24 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੇ ਇੰਮੀਗ੍ਰੇਸ਼ਨ ਟੀਚਿਆਂ ਵਿਚ ਵੱਡਾ ਕੱਟ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਤੋਂ ਬਾਅਦ ਸਰਕਾਰ ਨੂੰ ਸੰਤੁਲਨ ਨਹੀਂ ਮਿਲਿਆ।



ਸਰਕਾਰ ਨੇ 2025 ਅਤੇ 2026 ਵਿੱਚ 500,000 ਨਵੇਂ ਸਥਾਈ ਨਿਵਾਸੀਆਂ ਨੂੰ ਲਿਆਉਣ ਦਾ ਟੀਚਾ ਰੱਖਿਆ ਸੀ ਪਰ ਟਰੂਡੋ ਨੇ ਹੁਣ ਕਿਹਾ ਹੈ ਕਿ ਅਗਲੇ ਸਾਲ ਇਹ ਟੀਚਾ ਘਟਾ ਕੇ 395,000 ਕਰ ਦਿੱਤਾ ਗਿਆ ਹੈ। ਇਹ 2026 ਵਿੱਚ 380,000 ਅਤੇ 2027 ਵਿੱਚ ਹੋਰ ਘਟਾ ਕੇ 365,000 ਤੱਕ ਕਰ ਦਿੱਤਾ ਜਾਵੇਗਾ। ਇਹ ਤਬਦੀਲੀ ਲਿਬਰਲ ਸਰਕਾਰ ਦੀ ਇੰਮੀਗ੍ਰੇਸ਼ਨ ਵਿੱਚ ਵਾਧੇ ਅਤੇ ਆਬਾਦੀ ਵਧਣ ਕਾਰਨ ਘਰ ਲੈਣ ਦੀ ਸਮਰੱਥਾ 'ਤੇ ਪਏ ਅਸਰ ਕਾਰਨ ਸਰਕਾਰ ਦੀ ਹੋਈ ਅਲੋਚਨਾ ਤੋਂ ਬਾਅਦ ਆਈ ਹੈ।

ਸਰਕਾਰ ਦਾ ਟੀਚਾ ਅਗਲੇ ਤਿੰਨ ਸਾਲਾਂ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾ ਕੇ ਪੰਜ ਪ੍ਰਤੀਸ਼ਤ ਆਬਾਦੀ ਤੱਕ ਪਹੁੰਚਾਉਣਾ ਵੀ ਹੈ, ਜੋ ਕਿ ਜੁਲਾਈ ਵਿੱਚ 7.2 ਪ੍ਰਤੀਸ਼ਤ ਸੀ। ਇਸਦਾ ਮਤਲਬ ਇਹ ਹੋਵੇਗਾ ਕਿ ਗੈਰ-ਸਥਾਈ ਨਿਵਾਸੀਆਂ ਦੀ ਆਬਾਦੀ 2025 ਵਿੱਚ 445,901 ਅਤੇ 2026 ਵਿੱਚ 445,662 ਤੱਕ ਘਟ ਜਾਵੇਗੀ ਜਦਕਿ 2027 ਵਿੱਚ 17,439 ਦਾ ਮਾਮੂਲੀ ਵਾਧਾ ਹੋਵੇਗਾ।

ਕੈਨੇਡਾ ਸਰਕਾਰ ਵੱਲੋਂ ਇਹ ਕਦਮ ਦੇਸ਼ ਵਿੱਚ ਨਵੇਂ ਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧੇ ਅਤੇ ਵੱਡੀ ਗਿਣਤੀ ਵਿਚ ਅਸਥਾਈ ਤੌਰ 'ਤੇ ਕੈਨੇਡਾ ਆਉਣ ਵਾਲੇ ਲੋਕਾਂ ਦੀ ਗਿਣਤੀ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਫੈਡਰਲ ਮੰਤਰੀਆਂ ਨੇ ਮੰਨਿਆ ਹੈ ਕਿ ਇਸ ਨਾਲ ਰਿਹਾਇਸ਼ ਅਤੇ ਘਰ ਖ਼ਰੀਦਣ ਦੀ ਸਮਰੱਥਾ 'ਤੇ ਦਬਾਅ ਪਿਆ ਹੈ।

# ਕੈਲਗਰੀ ਵਿੱਚ ਪਸ਼ੂਆਂ ਨੂੰ ਲਿਜਾਅ ਰਿਹਾ ਟਰੱਕ ਪਲਟਿਆ, 17 ਗਾਵਾਂ ਦੀ ਮੌਤ



ਕੈਲਗਰੀ, 24 ਅਕਤੂਬਰ (ਪੋਸਟ ਬਿਊਰੋ): ਮੰਗਲਵਾਰ ਰਾਤ ਨੂੰ ਸੜਕ 'ਤੇ ਇੱਕ ਟਰੱਕ ਪਲਟ ਗਿਆ। ਇਸ ਘਟਨਾ ਵਿੱਚ ਰਫ਼ਤਾਰ ਇੱਕ ਸੰਭਾਵੀ ਕਾਰਨ ਹੋ ਸਕਦੀ ਹੈ, ਜਿਸ ਵਿੱਚ 17 ਗਾਵਾਂ ਮਰ ਗਈਆਂ।

ਬੁੱਧਵਾਰ ਨੂੰ ਕੈਲਗਰੀ ਪੁਲਿਸ ਨੇ ਕਿਹਾ ਕਿ ਅਧਿਕਾਰੀਆਂ ਨੂੰ ਸਟੋਨੀ ਟਰੇਲ ਐੱਸ. ਈ. ਅਤੇ ਮੈਕਲੀਓਡ ਟਰੇਲ ਐੱਸ. ਈ. ਦੇ ਖੇਤਰ ਵਿੱਚ ਲਗਭਗ 8:10 ਵਜੇ ਬੁਲਾਇਆ ਗਿਆ ਸੀ, ਕਿਉਂਕਿ 95 ਪਸ਼ੂਆਂ ਨੂੰ ਲਿਜਾਅ ਰਿਹਾ ਟਰੱਕ ਪਲਟਣ ਦੀ ਸੂਚਨਾ ਮਿਲੀ ਸੀ।

...ਬਾਕੀ ਪੰਨਾ 2 'ਤੇ

# ਟੋਰਾਂਟੋ ਵਿੱਚ ਲੇਕ ਸ਼ੋਰ ਬੁਲੇਵਾਰਡ 'ਤੇ ਟੇਸਲਾ ਖੰਭੇ ਨਾਲ ਟਕਰਾਈ, ਲੱਗੀ ਅੱਗ, ਚਾਰ ਲੋਕਾਂ ਦੀ ਮੌਤ



ਟੋਰਾਂਟੋ, 24 ਅਕਤੂਬਰ (ਪੋਸਟ ਬਿਊਰੋ): ਸ਼ਹਿਰ ਵਿੱਚ ਤੇਜ਼ ਰਫਤਾਰ ਨਾਲ ਜਾ ਰਹੀ ਟੇਸਲਾ ਕਾਰ ਲੇਕ ਸ਼ੋਰ ਬੁਲੇਵਾਰਡ 'ਤੇ ਰੇਲਿੰਗ ਨਾਲ ਟਕਰਾਕੇ ਫਿਰ ਕੰਕਰੀਟ ਦੇ ਖੰਭੇ ਨਾਲ ਜਾ ਟਕਰਾਈ, ਜਿਸ ਨਾਲ ਕਾਰ ਨੂੰ ਭਿਆਨਕ ਅੱਗ ਲੱਗ ਗਈ ਅਤੇ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਇਹ ਘਟਨਾ ਚੇਰੀ ਸਟਰੀਟ ਦੇ ਪੂਰਵ ਦੇ ਵੱਲ ਜਾਣ ਵਾਲੀ ਲੇਨ ਵਿੱਚ ਸਵੇਰੇ 12:15 ਵਜੇ ਦੇ ਲੱਗਭੱਗ ਹੋਈ ਹੋਈ।

ਡਿਊਟੀ ਇੰਸਪੈਕਟਰ ਫਿਲਿਪ ਸਿੰਕਲੇਅਰ ਨੇ ਵੀਰਵਾਰ ਸਵੇਰੇ ਕਿਹਾ ਕਿ ਵਾਹਨ ਨੇ ਕੰਟਰੋਲ ਗੁਆ ਦਿੱਤਾ, ਰੇਲਿੰਗ ਨਾਲ ਟਕਰਾਇਆ ਅਤੇ ਫਿਰ ਕੰਕਰੀਟ ਦੇ ਖੰਭੇ ਨਾਲ ਟਕਰਾਇਆ। ਟੱਕਰ ਤੋਂ ਬਾਅਦ ਵਾਹਨ ਵਿੱਚ ਅੱਗ ਲੱਗ ਗਈ।

ਉਨ੍ਹਾਂ ਨੇ ਪੁਸ਼ਟੀ ਦੀ ਕਿ ਘਟਨਾ ਸਥਾਨ 'ਤੇ 20 ਸਾਲ ਦੀ ਉਮਰ ਦੇ ਚਾਰ ਲੋਕਾਂ ਦੀ ਮੌਤ ਹੋ ਗਈ। ਪੰਜਵੀਂ 20 ਸਾਲਾ ਦੀ ਇੱਕ ਨੌਂਕਵਾਨ ਲੜਕੀ ਜ਼ਖ਼ਮੀ ਹੋ ਗਈ ਪਰ ਉਸਦੇ ਬਚਣ ਦੀ ਉਮੀਦ ਹੈ। ਟੋਰਾਂਟੋ ਪੈਰਾਮੇਡਿਕ ਸਰਵਿਸੇਜ਼ ਨੇ ਕਿਹਾ ਕਿ ਉਸ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।

ਸਿੰਕਲੇਇਰ ਨੇ ਕਿਹਾ ਇੱਕ ਰਾਹਗੀਰ ਪਹਿਲਾਂ ਪਹੁੰਚਿਆ ਅਤੇ ਉਸਨੇ ਕਾਰ ਵਿੱਚ ਬੈਠੇ ਲੋਕਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਰਾਹਗੀਰ ਲਈ ਇਹ ਬਹੁਤ ਹੀ ਭਿਆਨਕ ਦ੍ਰਿਸ਼ ਸੀ।

ਇਸਦੇ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਘਟਨਾ ਸਥਾਨ 'ਤੇ ਪਹੁੰਚੀ। ਸਾਡੇ ਕਰਮਚਾਰੀਆਂ ਨੇ ਅੱਗ ਨੂੰ ਜਲਦੀ ਬੁਝਾਉਣ ਦਾ ਕੰਮ ਕੀਤਾ। ਹਾਲੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਚਾਲਕ ਨੇ ਵਾਹਨ 'ਤੇ ਕੰਟਰੋਲ ਕਿਉਂ ਗੁਆ ਦਿੱਤਾ ਸੀ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਿਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd
Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HAPPY Diwali
FESTIVAL OF LIGHTS
ASIAN FOOD CENTER
WE HAVE LARGE VARIETIES OF DIYAS AND DIWALI ITEMS.
SWEETS AND DRY FRUIT AVAILABLE
Oct 18 - Nov 3, 2024

ASHIRVAAD WHOLE WHEAT ATTA $12.99 EA Reg $16.99 20Lb
DEEP MULTIGRAIN ATTA $12.99 EA Reg $19.99 20Lb
CROWN DURAM ATTA (Desi Style) $11.99 EA Reg $14.99 20Lb
ASHIRVAAD MULTIGRAIN ATTA $13.99 EA Reg $19.99 20Lb
HAPPY PANEER $4.49 EA Reg $5.99 300g
INDIA GATE PREMIUM RICE $13.99 EA Reg $15.99 10Lb
TAJ ATTA $10.99 EA Reg $13.99 20Lb
DEEP DOSA / MEDU VADA / IDLI $3.29 EA Reg $4.49
MUGHAL DIAMOND RICE $11.99 EA Reg $14.99 10Lb
DEEP TANDOORI & GARLIC NAAN FAMILY PACK $7.49 EA Reg $9.99
WAGHBAKRI TEA $10.99 EA Reg $12.99 1kg
VADHIYA MUSTRAD OIL $9.99 EA Reg $12.99 2 ltr
NANAK DESI GHEE $25.99 EA Reg $29.99 1.6kg
SAVERA DESI GHEE $24.99 EA Reg $29.99 1.6kg
SAVERA RASMALAI $7.99 EA Reg $9.99
HR FAMILY PACK Tandoori & Garlic Naan $5.99 EA Reg $8.99 15Pcs
DEEP KESAR MANGO PULP $3.49 EA Reg $4.49
POPULAR SAMOSA $2.49 EA Reg $3.99 400g
BR SUJI RUSK / MILK RUSK $1.99 EA Reg $2.79 305g
POPULAR PARATHA $7.99 EA Reg $9.99 25Pcs
SAVERA KHOYA $5.99 EA Reg $7.99 341g
PARLE G BISCUITS $1.29 EA Reg $1.79 300g
BR EGGLESS CAKE $2.99 EA Reg $4.49 550g
HALDIRAM PARATHA & NAAN $1.49 Reg $2.49 360g/400G
TONIKA MUSTARD OIL $2.99 EA Reg $3.99 500ml
BIKANERI COOKIES $6.49 EA Reg $7.99 2.5Lb
DEEP SPICY BURGER $3.29 EA Reg $3.99 400g
BR GOODDDAY COOKIES 3 For $2.00 EA Reg $1.29 75g
POPULAR PARATHA $3.29 Reg $3.99 960g
PAKISTANI ROOHAFZA $4.49 EA Reg $5.99
ALMOND $5.49 Reg $6.99 per/Lb
THAKAR TANDOORI & GARLIC NAAN $2.29 EA Reg $3.49
THAKAR VEG MOMOS $10.99 EA Reg $12.99 800g
RED LENTIL $4.99 EA Reg $6.99 4Lb
DEEP PATRA $2.99 EA Reg $3.99
ASIAN KALA CHANA $4.99 EA Reg $6.99 4Lb
AFC MUMRA $7.99 EA Reg $9.99 4Lb
REGAL ASST SNACKS +TAX $2.99 EA Reg $3.99 375g
ASIAN CORN POHA $1.29 EA Reg $1.99 200g
Laxmi Besan $4.99 EA Reg $5.99 4Lb
REGAL NAN KHATIE $2.99 EA Reg $3.99
REGAL CAKE RUSK $4.29 EA Reg $4.99 630g
FROOT FULL ASST JUICE $1.29 EA Reg $1.79 250ml
DEEP FAFDA/ MATHIA $1.49 EA Reg $2.29 200g
DEEP ALOO HOMESTYLE METHI MIX PARATHA $2.99 EA Reg $3.99 350g 400g

ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr. 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport Rd. 905-794-8109 MEAT SHOP AVAILABLE
BRAMPTON 10510 Torbram Rd.
BRAMPTON 10 Pannahill Dr. 905-913-8017 MEAT SHOP AVAILABLE
GULEPH 340 Woodlawn Rd. 226-669-0004 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਉਨ੍ਹਾਂ ਦੀ ਹੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਦਿੱਤੀ ਚਿਤਾਵਨੀ, ਮੰਗਿਆ ਅਸਤੀਫਾ, 28 ਅਕਤੂਬਰ ਤੱਕ ਅਹੁਦਾ ਛੱਡਣ ਲਈ ਕਿਹਾ

ਓਟਵਾ, 24 ਅਕਤੂਬਰ (ਪੋਸਟ ਬਿਊਰੋ): ਭਾਰਤ-ਕੈਨੇਡਾ ਦੇ ਵਿਗੜਦੇ ਸਬੰਧਾਂ ਵਿਚਕਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਪਣੀ ਪਾਰਟੀ ਵਿੱਚ ਹੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਿਬਰਲ ਪਾਰਟੀ ਦੇ ਸਾਂਸਦਾਂ ਨੇ ਟਰੂਡੋ ਨੂੰ 28 ਅਕਤੂਬਰ ਤੱਕ ਸਮਾਂ ਦਿੱਤਾ ਹੈ। ਨਾਰਾਜ਼ ਨੇਤਾਵਾਂ ਨੇ ਟਰੂਡੋ ਨੂੰ ਕਿਹਾ ਕਿ ਜਾਂ ਤਾਂ ਉਹ ਅਹੁਦਾ ਛੱਡ ਦੇਣ ਜਾਂ ਬਗ਼ਾਵਤ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਮੀਡੀਆ ਰਿਪੋਰਟਾਂ ਮੁਤਾਬਕ ਟਰੂਡੋ ਦੀ ਪਾਰਟੀ ਦੇ 24 ਸੰਸਦ ਮੈਂਬਰਾਂ ਨੇ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਹਟਾਉਣ ਦੀ ਮੰਗ ਕੀਤੀ ਹੈ। ਇਸ ਲਈ ਉਨ੍ਹਾਂ ਨੇ ਮੰਗ ਪੱਤਰ 'ਤੇ ਦਸਤਖ਼ਤ ਵੀ ਕੀਤੇ ਹਨ। ਸੰਸਦ ਮੈਂਬਰਾਂ ਦੇ ਦਸਤਖ਼ਤ ਕੀਤੇ ਇਸ ਮੰਗ ਪੱਤਰ ਨੂੰ ਹਾਲੇ ਤੱਕ ਜਨਤਕ ਨਹੀਂ ਕੀਤਾ ਗਿਆ ਹੈ। ਇਸ ਪੱਤਰ ਵਿੱਚ ਸੰਸਦ ਮੈਂਬਰਾਂ ਨੇ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਵਿੱਚ ਹਾਰ ਦੇ ਖ਼ਤਰੇ ਦੇ ਮੱਦੇਨਜ਼ਰ ਟਰੂਡੋ ਤੋਂ ਚੋਣਾਂ ਤੋਂ ਪਹਿਲਾਂ ਅਸਤੀਫਾ ਦੇਣ ਦੀ ਮੰਗ ਕੀਤੀ ਹੈ।



ਸੰਸਦ ਮੈਂਬਰਾਂ ਨੇ ਟਰੂਡੋ ਨੂੰ ਚੌਥੀ ਵਾਰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਨਾ ਲੜਨ ਲਈ ਕਿਹਾ ਹੈ। ਪਿਛਲੇ 100 ਸਾਲਾਂ ਵਿੱਚ ਕੋਈ ਵੀ ਕੈਨੇਡੀਅਨ ਆਗੂ ਚੌਥੀ ਵਾਰ ਚੋਣ ਨਹੀਂ ਜਿੱਤਿਆ ਹੈ।

ਟਰੂਡੋ ਸਾਹਮਣੇ ਇਹ ਚੁਣੌਤੀ ਅਜਿਹੇ ਸਮੇਂ 'ਚ ਆਈ ਹੈ ਜਦੋਂ ਉਨ੍ਹਾਂ ਦੀ ਸਰਕਾਰ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਨਾਲ ਵੱਡੇ ਕੂਟਨੀਤਕ ਤਣਾਅ 'ਚ ਉਲਝੀ ਹੋਈ ਹੈ।

# ਮੁਲਜ਼ਮਾਂ ਨੇ ਫਰਾਰ ਹੋਣ ਲਈ ਪੁਲਿਸ ਦੀ ਗੱਡੀ ਅਤੇ ਕਈ ਹੋਰ ਵਾਹਨਾਂ ਨੂੰ ਮਾਰੀ ਟੱਕਰ, ਗੰਨ ਹੋਈ ਬਰਾਮਦ, ਇੱਕ ਕਾਬੂ

ਟੋਰਾਂਟੋ, 24 ਅਕਤੂਬਰ (ਪੋਸਟ ਬਿਊਰੋ): ਪੁਲਿਸ ਦਾ ਕਹਿਣਾ ਹੈ ਕਿ ਟੋਰਾਂਟੋ ਦੇ ਉੱਤਰ ਵਿੱਚ ਮੰਗਲਵਾਰ ਨੂੰ ਨੋਬਲਟਨ, ਓਂਟਾਰੀਓ ਵਿੱਚ ਇੱਕ ਘਰ ਵਿੱਚ ਦਿਨੇ ਸੇਂਧਮਾਰੀ ਕਰਕੇ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਦੋ ਮੁਲਜ਼ਮਾਂ ਨੇ ਪੁਲਿਸ ਦੀ ਗੱਡੀ ਅਤੇ ਕਈ ਹੋਰ ਵਾਹਨਾਂ ਵਿੱਚ ਟੱਕਰ ਮਾਰੀ।

ਯਾਰਕ ਰੀਜਨਲ ਪੁਲਿਸ ਨੇ ਵੀਰਵਾਰ ਨੂੰ ਜਾਰੀ ਪ੍ਰੈੱਸ ਰਿਲੀਜ਼ ਵਿਚ ਕਿਹਾ ਕਿ ਇਹ ਘਟਨਾ ਪੈਰਾਡਾਇਜ਼ ਵੈਲੀ ਅਤੇ ਫੇਇਰਮੌਂਟ ਰਾਇਡ ਟਰੇਲਜ਼ ਕੋਲ ਇੱਕ ਘਰ ਵਿਚ ਸ਼ਾਮ 4 ਵਜੇ ਹੋਈ।



ਅਧਿਕਾਰੀ ਉਸ ਸਮੇਂ ਸੇਂਧਮਾਰੀ ਦੀ ਕਾਲ ਲਈ ਇਲਾਕੇ ਵਿੱਚ ਪਹੁੰਚੇ ਤਾਂ ਦੋਵੇਂ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਕਿਹਾ ਕਿ ਸ਼ੱਕੀਆਂ ਨੇ ਕਈ ਵਾਹਨਾਂ ਨੂੰ ਟੱਕਰ ਮਾਰਨ ਤੋਂ ਪਹਿਲਾਂ ਆਪਣੀ ਗੱਡੀ ਨੂੰ ਪੁਲਿਸ ਦੀ ਗੱਡੀ ਵਿੱਚ ਮਾਰਿਆ। ਮੁਲਜ਼ਮ ਕਾਰ ਨੂੰ ਛੱਡ ਕੇ ਪੈਦਲ ਹੀ ਘਟਨਾ ਸਥਾਨ ਤੋਂ ਭੱਜ ਗਏ। ਕੁੱਝ ਸਮੇਂ ਬਾਅਦ ਇੱਕ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਕਿਹਾ ਕਿ ਛੱਡੇ ਗਏ ਵਾਹਨ ਕੋਲ ਇੱਕ ਗੰਨ ਬਰਾਮਦ ਕੀਤੀ ਗਈ।

ਜਸੰਥਨ ਕੰਡਿਆਹ ’ਤੇ ਇਸ ਘਟਨਾ ਦੇ ਸਿਲਸਿਲੇ ਵਿੱਚ 10 ਚਾਰਜਿਜ਼ ਲਗਾਏ ਗਏ ਹਨ, ਜਿਨ੍ਹਾਂ ਵਿੱਚ ਜਾਣਬੁੱਝਕੇ ਤੋੜਫੋੜ ਕਰਨਾ, ਲੋਡੇਡ ਪ੍ਰਤੀਬੰਧਿਤ ਬੰਦੂਕ ਰੱਖਣਾ ਅਤੇ ਸਸਪੈਂਡ ਦੌਰਾਨ ਗੱਡੀ ਚਲਾਉਣਾ ਸ਼ਾਮਿਲ ਹੈ। ਪੁਲਿਸ ਨੇ ਕਿਹਾ ਕਿ ਕੰਡਿਆਹ ਦੀ ਗ੍ਰਿਫ਼ਤਾਰੀ ਸਮੇਂ ਉਸ ’ਤੇ ਤਿੰਨ ਵਾਰ ਪਹਿਲਾਂ ਤੋਂ ਹੀ ਹਥਿਆਰ ਪਾਬੰਦੀ ਦੇ ਹੁਕਮ ਲਾਗੂ ਸਨ। ਦੂਜੇ ਸ਼ੱਕੀ ਬਾਰੇ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਮਾਂਟਰੀਅਲ ਦੇ ਹਾਈ ਸਕੂਲ ਦੇ ਬਾਹਰ 4 ਟੀਨੇਜ਼ਰਜ਼ ’ਤੇ ਚਾਕੂ ਨਾਲ ਹਮਲਾ, 2 ਮੁਲਜ਼ਮ ਗ੍ਰਿਫ਼ਤਾਰ

ਮਾਂਟਰੀਅਲ, 24 ਅਕਤੂਬਰ (ਪੋਸਟ ਬਿਊਰੋ): ਮਾਂਟਰੀਅਲ ਪੁਲਿਸ (ਐੱਸਪੀਵੀਐੱਮ) ਦਾ ਕਹਿਣਾ ਹੈ ਕਿ ਸ਼ਹਿਰ ਦੇ ਵਿਲੇਰੇ-ਸੇਂਟ-ਮਿਸ਼ੇਲ-ਪਾਰਕ- ਐਕਸਟੇਂਸ਼ਨ ਬੋਰੋ ਵਿੱਚ ਜੌਹਨ ਐੱਫ. ਕੈਨੇਡੀ ਹਾਈ ਸਕੂਲ ਦੇ ਬਾਹਰ ਵੀਰਵਾਰ ਨੂੰ ਚਾਰ ਟੀਨੇਜ਼ਰਜ਼ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਵਿਲੇਰੇ ਸਟਰੀਟ ’ਤੇ ਸਕੂਲ ਦੇ ਸਾਹਮਣੇ ਇੱਕ ਗਲੀ ਵਿੱਚ ਦੁਪਹਿਰ ਕਰੀਬ 1 ਵਜੇ ਟੀਨੇਜ਼ਰਜ਼ ਦੇ ਇੱਕ ਵੱਡੇ ਗਰੁੱਪ ਵਿਚਕਾਰ ਹੋਏ ਵਿਵਾਦ ਦੌਰਾਨ ਛੁਰੇਬਾਜ਼ੀ ਦੀ ਘਟਨਾ ਹੋਈ।



ਜਦੋਂ ਅਧਿਕਾਰੀ ਪਹੁੰਚੇ ਤਾਂ ਉਨ੍ਹਾਂ ਨੇ ਇੱਕ 19 ਸਾਲਾ ਲੜਕੇ ਨੂੰ ਵੇਖਿਆ, ਜਿਸਦੇ ਸਰੀਰ ਦੇ ਉਪਰੀ ਹਿੱਸੇ ਵਿੱਚ ਚਾਕੂ ਦੇ ਜ਼ਖਮ ਸਨ, ਜਿਸਨੂੰ ਹਸਪਤਾਲ ਭੇਜਿਆ ਗਿਆ। ਪੁਲਿਸ ਉਸਦੀ ਹਾਲਤ ਬਾਰੇ ਅਪਡੇਟ ਦਾ ਇੰਤਜਾਰ ਕਰ ਰਹੀ ਹੈ।

ਇੱਕ ਹੋਰ 19 ਸਾਲਾ ਲੜਕਾ ਹੈ, ਜਿਸਦੇ ਹੱਥ ਵਿੱਚ ਚਾਕੂ ਮਾਰਿਆ ਗਿਆ ਪਰ ਉਸਨੂੰ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਨਹੀਂ ਸੀ ਅਤੇ ਉਹ ਖਤਰੇ ਤੋਂ ਬਾਹਰ ਹੈ। ਬਾਅਦ ਵਿੱਚ ਪੁਲਿਸ ਨੂੰ ਪਤਾ ਚੱਲਿਆ ਕਿ 15 ਸਾਲਾ ਦੇ ਦੋ ਲੜਕੇ ਚਾਕੂ ਦੇ ਜ਼ਖਮਾਂ ਨਾਲ ਖੁਦ ਹੀ ਹਸਪਤਾਲ ਗਏ ਸਨ। ਪੁਲਿਸ ਅਧਿਕਾਰੀ ਜੀਨ-ਪਿਅਰੇ ਬਰੇਬੇਂਟ ਨੇ ਕਿਹਾ ਕਿ ਬਾਅਦ ਵਿੱਚ ਦੋਨਾਂ ਲੜਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਚਾਕੂ ਦੇ ਹਮਲੇ ਨਾਲ ਜ਼ਖ਼ਮੀ ਹੋਏ ਚਾਰ ਲੋਕਾਂ ਵਿੱਚੋਂ ਤਿੰਨ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਪੁਲਿਸ ਨੇ ਕਿਹਾ ਹੈ ਕਿ ਜਾਂਚ ਜਾਰੀ ਹੈ।

# ‘ਦੰਗਲ’ ਲਈ ਫੋਗਾਟ ਪਰਿਵਾਰ ਨੂੰ ਮਿਲੇ 1 ਕਰੋੜ

## ਬਬੀਤਾ ਨੇ ਕਿਹਾ- ਮੇਕਰਜ਼ ਕਿਰਦਾਰਾਂ ਦੇ ਨਾਮ ਬਦਲਣਾ ਚਾਹੁੰਦੇ ਸਨ



ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): 2016 ਵਿੱਚ ਰਿਲੀਜ਼ ਹੋਈ ਆਮਿਰ ਖਾਨ ਸਟਾਰਰ ਫ਼ਿਲਮ ਦੰਗਲ ਨੇ ਪਹਿਲਵਾਨ-ਰਾਜਨੇਤਾ ਬਬੀਤਾ ਫੋਗਾਟ ਨੂੰ ਘਰ-ਘਰ ਵਿਚ ਮਸ਼ਹੂਰ ਬਣਾ ਦਿੱਤਾ ਸੀ। ਇਸ ਫ਼ਿਲਮ ਨੇ ਦੁਨੀਆਂ ਭਰ 'ਚ 2 ਹਜ਼ਾਰ 160 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਹਾਲਾਂਕਿ, ਫੋਗਾਟ ਪਰਿਵਾਰ ਜਿਸ ਤੋਂ ਇਹ ਕਹਾਣੀ ਪ੍ਰੇਰਿਤ ਹੋਈ ਸੀ, ਨੂੰ ਨਿਰਮਾਤਾਵਾਂ ਨੇ ਸਿਰਫ 1 ਕਰੋੜ ਰੁਪਏ ਦਿੱਤੇ ਸਨ।

ਬਬੀਤਾ ਨੇ ਇੱਕ ਇੰਟਰਵਿਊ ਵਿੱਚ ਇਸ ਬਾਰੇ ਗੱਲ ਕੀਤੀ। ਜਦੋਂ ਬਬੀਤਾ ਤੋਂ ਪੁੱਛਿਆ ਗਿਆ ਕਿ 'ਦੰਗਲ' ਦੇ ਮੇਕਰਜ਼ ਨੇ ਫੋਗਾਟ ਪਰਿਵਾਰ ਨੂੰ ਕਿੰਨੇ ਪੈਸੇ ਦਿੱਤੇ ਹਨ ਤਾਂ ਬਬੀਤਾ ਨੇ ਕਿਹਾ ਕਿ ਸਾਨੂੰ ਜੋ ਪੈਸਾ ਮਿਲਿਆ ਉਹ ਫ਼ਿਲਮ ਦੀ ਪੂਰੀ ਕਮਾਈ ਦਾ 1% ਤੋਂ ਵੀ ਘੱਟ ਸੀ।

ਅੱਗੇ ਪੁੱਛੇ ਜਾਣ ’ਤੇ ਕਿ ਕੀ ਮੇਕਰਜ਼ ਨੇ ਫੋਗਾਟ ਪਰਿਵਾਰ ਨੂੰ 20 ਕਰੋੜ ਰੁਪਏ ਦਿੱਤੇ ਸਨ? ਇਸ ਦੇ ਜਵਾਬ 'ਚ ਬਬੀਤਾ ਨੇ ਕਿਹਾ ਕਿ ਇਹ ਵੀ 10 ਫੀਸਦੀ ਦਾ ਅੱਧਾ, ਲਗਭਗ 1 ਕਰੋੜ ਰੁਪਏ ਸੀ। ਇਸ ਡੀਲ ਨੂੰ ਆਮਿਰ ਖਾਨ ਦੇ ਨਿਰਮਾਤਾ ਦੇ ਤੌਰ 'ਤੇ ਆਉਣ ਤੋਂ ਬਹੁਤ ਪਹਿਲਾਂ ਅੰਤਿਮ ਰੂਪ ਦਿੱਤਾ ਗਿਆ ਸੀ, ਜਦੋਂ ਨਿਰਦੇਸ਼ਕ ਨਿਤੀਸ਼ ਤਿਵਾਰੀ ਦੀ ਟੀਮ ਸਕ੍ਰਿਪਟਿੰਗ ਪ੍ਰਕਿਰਿਆ ਵਿੱਚ ਸੀ।

ਬਬੀਤਾ ਨੇ ਅੱਗੇ ਕਿਹਾ ਕਿ ਪਾਪਾ (ਮਹਾਵੀਰ ਸਿੰਘ ਫੋਗਾਟ) ਨੇ ਮੇਕਰਜ਼ ਨੂੰ ਸਿਰਫ ਇਕ ਗੱਲ ਕਹੀ ਸੀ। ਸਾਨੂੰ ਲੋਕਾਂ ਦੇ ਪਿਆਰ ਅਤੇ ਸਤਿਕਾਰ ਦੀ ਲੋੜ ਹੈ। ਬਾਕੀ ਸਭ ਛੱਡੋ।

ਪਹਿਲਵਾਨ ਨੇ ਇਹ ਵੀ ਦੱਸਿਆ ਕਿ ਜਦੋਂ ਆਮਿਰ ਖਾਨ ਫ਼ਿਲਮ ਲਈ ਬੋਰਡ 'ਤੇ ਆਏ ਤਾਂ ਉਨ੍ਹਾਂ ਨੇ ਮੇਕਰਜ਼ ਨੂੰ ਕਿਰਦਾਰਾਂ ਦੇ ਨਾਂ ਬਦਲਣ ਦਾ ਸੁਝਾਅ ਦਿੱਤਾ ਸੀ ਪਰ ਸਾਡੇ ਪਿਤਾ ਇਸ ਲਈ ਤਿਆਰ ਨਹੀਂ ਸਨ। ਜਦੋਂ ਫਿਲਮ ਹਿੱਟ ਹੋਈ ਤਾਂ ਪਾਪਾ ਨੇ ਆਮਿਰ ਦੀ ਟੀਮ ਨੂੰ ਹਰਿਆਣਾ 'ਚ ਰੈਸਲਿੰਗ ਅਕੈਡਮੀ ਖੋਲ੍ਹਣ ਦਾ ਸੁਝਾਅ ਦਿੱਤਾ ਸੀ। ਪਰ ਉਨ੍ਹਾਂ ਦੀ ਟੀਮ ਨੇ ਉਨ੍ਹਾਂ ਦੇ ਵਿਚਾਰ ਦਾ ਜਵਾਬ ਨਹੀਂ ਦਿੱਤਾ।

# ਦੁਬਾਰਾ ਫਿਰ 85 ਜਹਾਜ਼ਾਂ ਵਿੱਚ ਬੰਬ ਦੀ ਧਮਕੀ, ਹੁਣ ਤੱਕ 600 ਕਰੋੜ ਰੁਪਏ ਦਾ ਹੋਇਆ ਨੁਕਸਾਨ



ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): ਜਹਾਜ਼ਾਂ ਨੂੰ ਬੰਬਾਂ ਨਾਲ ਉਡਾਉਣ ਦੀਆਂ ਧਮਕੀਆਂ ਦਾ ਸਿਲਸਿਲਾ ਜਾਰੀ ਹੈ। ਵੀਰਵਾਰ ਨੂੰ ਇਕ ਵਾਰ ਫਿਰ 85 ਉਡਾਨਾਂ ਨੂੰ ਖਤਰਾ ਪੈਦਾ ਹੋ ਗਿਆ। ਇਨ੍ਹਾਂ ਵਿੱਚ ਏਅਰ ਇੰਡੀਆ ਦੀਆਂ 20, ਇੰਡੀਗੋ ਦੀਆਂ 20, ਵਿਸਤਾਰਾ ਦੀਆਂ 20 ਅਤੇ ਅਕਾਸਾ ਦੀਆਂ 25 ਉਡਾਨਾਂ ਸ਼ਾਮਿਲ ਹਨ। ਪਿਛਲੇ 11 ਦਿਨਾਂ ਵਿੱਚ 255 ਤੋਂ ਵੱਧ ਜਹਾਜ਼ਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਕਾਰਨ ਹਵਾਬਾਜ਼ੀ ਖੇਤਰ ਨੂੰ 600 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

ਇੱਕ ਦਿਨ ਪਹਿਲਾਂ, 23 ਅਕਤੂਬਰ ਨੂੰ, ਆਈਟੀ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ, ਮੈਟਾ ਅਤੇ ਏਅਰਲਾਈਨ ਕੰਪਨੀਆਂ ਨਾਲ ਇਨ੍ਹਾਂ ਖਤਰਿਆਂ ਨੂੰ ਲੈ ਕੇ ਇੱਕ ਵਰਚੂਅਲ ਮੀਟਿੰਗ ਕੀਤੀ ਸੀ। ਸਰਕਾਰ ਨੇ ਸੋਸ਼ਲ ਮੀਡੀਆ ਕੰਪਨੀਆਂ ਨੂੰ ਪੁੱਛਿਆ ਸੀ, 'ਤੁਸੀਂ ਇਨ੍ਹਾਂ ਖਤਰਨਾਕ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਕੀ ਕੀਤਾ ਹੈ। ਇਹ ਹਾਲਾਤ ਦਰਸਾਉਂਦੇ ਹਨ ਕਿ ਤੁਸੀਂ ਅਪਰਾਧ ਨੂੰ ਉਤਸ਼ਾਹਿਤ ਕਰ ਰਹੇ ਹੋ।

21 ਅਕਤੂਬਰ ਨੂੰ ਨਾਇਡੂ ਨੇ ਕਿਹਾ ਸੀ ਕਿ ਉਡਾਨਾਂ 'ਤੇ ਬੰਬ ਦੀ ਧਮਕੀ ਦੇਣ ਵਾਲਿਆਂ ਦੇ ਨਾਂ 'ਨੋ ਫਲਾਈ ਲਿਸਟ' 'ਚ ਸ਼ਾਮਿਲ ਕੀਤੇ ਜਾ ਸਕਦੇ ਹਨ। ਸਰਕਾਰ ਹਵਾਬਾਜ਼ੀ ਸੁਰੱਖਿਆ ਨਿਯਮਾਂ ਅਤੇ ਸਿਵਲ ਏਵੀਏਸ਼ਨ ਸੇਫਟੀ ਐਕਟ, 1982 ਦੇ ਵਿਰੁੱਧ ਗੈਰਕਾਨੂੰਨੀ ਕਾਨੂੰਨਾਂ ਦੇ ਦਮਨ ਵਿੱਚ ਸੋਧ ਕਰਨ ਦੀ ਯੋਜਨਾ ਬਣਾ ਰਹੀ ਹੈ। ਬਿਊਰੋ ਆਫ ਸਿਵਲ ਏਵੀਏਸ਼ਨ ਸਕਿਓਰਿਟੀ (ਬੀ.ਸੀ.ਏ.ਐੱਸ.) ਇਸ ਮੁੱਦੇ 'ਤੇ ਗ੍ਰਹਿ ਮੰਤਰਾਲੇ ਨਾਲ ਲਗਾਤਾਰ ਸੰਪਰਕ 'ਚ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

# ਜਸਟਿਸ ਸੰਜੀਵ ਖੰਨਾ ਹੋਣਗੇ ਭਾਰਤ ਦੇ ਅਗਲੇ ਚੀਫ਼ ਜਸਟਿਸ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): ਜਸਟਿਸ ਸੰਜੀਵ ਖੰਨਾ ਨੂੰ ਭਾਰਤ ਦਾ ਅਗਲਾ ਚੀਫ਼ ਜਸਟਿਸ ਨਿਯੁਕਤ ਕੀਤਾ ਜਾਵੇਗਾ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਜਸਟਿਸ ਸੰਜੀਵ ਖੰਨਾ 11 ਨਵੰਬਰ ਨੂੰ ਦੇਸ਼ ਦੇ ਅਗਲੇ ਚੀਫ਼ ਜਸਟਿਸ ਵਜੋਂ ਸਹੁੰ ਚੁੱਕਣਗੇ। ਜਸਟਿਸ ਸੰਜੀਵ ਖੰਨਾ ਦਾ ਕਾਰਜਕਾਲ 6 ਮਹੀਨੇ ਦਾ ਹੋਵੇਗਾ। ਇਸ ਤੋਂ ਇੱਕ ਦਿਨ ਪਹਿਲਾਂ ਮੌਜੂਦਾ ਜਸਟਿਸ ਡੀ.ਵਾਈ. ਚੰਦਰਚੂੜ ਦਾ ਅਹੁਦਾ ਖਾਲੀ ਹੋ ਜਾਵੇਗਾ। ਜਸਟਿਸ ਚੰਦਰਚੂੜ ਨੇ 8 ਨਵੰਬਰ, 2022 ਨੂੰ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲਿਆ ਸੀ।

ਚੀਫ਼ ਜਸਟਿਸ ਵਜੋਂ ਜਸਟਿਸ ਖੰਨਾ ਦਾ ਕਾਰਜਕਾਲ ਛੇ ਮਹੀਨਿਆਂ ਤੋਂ ਥੋੜ੍ਹਾ ਵੱਧ ਹੋਵੇਗਾ ਅਤੇ ਉਹ 13 ਮਈ, 2025 ਨੂੰ ਸੇਵਾਮੁਕਤ ਹੋ ਜਾਣਗੇ।

# ਕੈਲਗਰੀ ਵਿੱਚ ਪਸ਼ੂਆਂ ਨੂੰ ਲਿਜਾਅ ਰਿਹਾ ਟਰੱਕ ਪਲਟਿਆ, 17 ਗਾਵਾਂ ਦੀ ਮੌਤ

ਪੰਨਾ 1 ਦਾ ਬਾਕੀ

ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਟਰੱਕ ਦਾ ਚਾਲਕ ਇੱਕ ਮੋੜ ’ਤੇ ਨੇਵੀਗੇਟ ਕਰਨ ਵਿੱਚ ਅਸਫਲ ਰਿਹਾ ਅਤੇ ਪੂਰਵ ਵੱਲ ਜਾਣ ਵਾਲੇ ਸਟੋਨੀ ਟਰੇਲ ਤੋਂ ਦੱਖਣ ਵੱਲ ਜਾਣ ਵਾਲੇ ਮੈਕਲੀਓਡ ਟਰੇਲ ’ਤੇ ਇੱਕ ਆਫ-ਰੈਂਪ ’ਤੇ ਕੰਟਰੋਲ ਗੁਆ ਦਿੱਤਾ।

Reddit ’ਤੇ ਪੋਸਟ ਕੀਤੇ ਗਏ ਇੱਕ ਵੀਡੀਓ ਵਿੱਚ ਵਖਾਇਆ ਗਿਆ ਹੈ ਕਿ ਆਫ-ਰੈਂਪ ’ਤੇ ਚੱਲਣ ਵਾਲਾ ਸੇਮੀ-ਟਰੱਕ ਪਲਟ ਗਿਆ ਅਤੇ ਸੜਕ ਤੋਂ ਤਿਲਕ ਗਿਆ। ਟਰੱਕ ਸੜਕ ਦੇ ਖੱਬੇ ਵੱਲ ਰੁਕ ਗਿਆ। ਚਾਲਕ ਨੂੰ ਮਾਮੂਲੀ ਸੱਟਾਂ ਨਾਲ ਹਸਪਤਾਲ ਲਿਜ-ਾਇਆ ਗਿਆ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਹਾਦਸੇ ਵਿੱਚ 17 ਗਾਵਾਂ ਦੀ ਮੌਤ ਹੋ ਗਈ।

ਐਮਰਜੈਂਸੀ ਦਲ ਦੇ ਪਹੁੰਚਣ ਤੋਂ ਬਾਅਦ, ਤਿੰਨ ਪਸ਼ੂ ਟ੍ਰੇਲਰ ਵਿਚੋਂ ਭੱਜ ਗਏ ਨਿਕਲੇ ਅਤੇ ਮੈਕਲੀਓਡ ਟਰੇਲ ਅਤੇ ਸਟੋਨੀ ਟਰੇਲ ਇੰਟਰਚੇਂਜ ਦੇ ਦੱਖਣੀ ਐਂਡ ਵੱਲ ਵਧ ਗਏ। ਟਰੱਕ ਦੀ ਰਫ਼ਤਾਰ ਦੀ ਜਾਂਚ ਕੀਤੀ ਜਾ ਰਹੀ ਹੈ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਸਿਰੋਹੀ ’ਚ ਕਾਰ ਡਰੇਨ ’ਚ ਡਿੱਗਣ ਕਾਰਨ, ਮਾਂ-ਬੇਟੀ ਸਮੇਤ 5 ਦੀ ਮੌਤ, ਟਾਇਰ ਫਟਣ ਕਾਰਨ ਹੋਇਆ ਹਾਦਸਾ

ਸਿਰੋਹੀ, 24 ਅਕਤੂਬਰ (ਪੋਸਟ ਬਿਊਰੋ): ਕਾਰ ਹਾਈਵੇਅ ਤੋਂ ਡਰੇਨ 'ਚ ਡਿੱਗਣ ਕਾਰਨ ਮਾਂ-ਬੇਟੀ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ। ਇੱਕ ਔਰਤ ਗੰਭੀਰ ਜ਼ਖਮੀ ਹੈ। ਵੀਰਵਾਰ ਸਵੇਰੇ ਕਰੀਬ 7:15 ਵਜੇ ਬੇਵਰ-ਪਿੰਡਵਾੜਾ ਹਾਈਵੇ (-62) 'ਤੇ ਟਾਇਰ ਫਟਣ ਕਾਰਨ ਇਹ ਹਾਦਸਾ ਵਾਪਰਿਆ। ਕਾਰ ਸਵਾਰ ਦਾਹੋਦ (ਗੁਜਰਾਤ) ਤੋਂ ਫਲੋਦੀ (ਰਾਜਸਥਾਨ) ਆ ਰਹੇ ਸਨ।



ਡੀਐੱਸਪੀ ਮੁਕੇਸ਼ ਚੌਧਰੀ ਨੇ ਦੱਸਿਆ ਕਿ ਕੋਤਵਾਲੀ ਥਾਣਾ ਖੇਤਰ ਦੇ ਬੇਵਰ-ਪਿੰਡਵਾੜਾ ਐੱਨਐੱਚ-62 ’ਤੇ ਥਾਨੇਸ਼ਵਰਜੀ ਪੁਲੀਆ ਨੇੜੇ ਕਾਰ ਦਾ ਟਾਇਰ ਫਟ ਗਿਆ। ਸਵਿਫਟ ਕਾਰ ਡਿਵਾਈਡਰ ਤੋੜ ਕੇ ਹਾਈਵੇਅ ਤੋਂ ਹੇਠਾਂ ਨਾਲੇ ਵਿੱਚ ਜਾ ਡਿੱਗੀ।

ਕੋਤਵਾਲੀ ਸੀਆਈ ਕੈਲਾਸ਼ ਦਾਨ ਬਰਹਤ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ। ਕਰੇਨ ਦੀ ਮਦਦ ਨਾਲ ਨੁਕਸਾਨੀ ਗਈ ਕਾਰ ਨੂੰ ਬਾਹਰ ਕੱਢਿਆ ਗਿਆ। ਜ਼ਖਮੀ ਔਰਤ ਨੂੰ ਸੁਰੱਖਿਅਤ ਬਾਹਰ ਕੱਢ ਕੇ ਸਿਰੋਹੀ ਹਸਪਤਾਲ ਦੇ ਟਰਾਮਾ ਸੈਂਟਰ ਲਿਜਾਇਆ ਗਿਆ। ਔਰਤ ਦੀ ਹਾਲਤ ਨਾਜ਼ੁਕ ਹੋਣ 'ਤੇ ਉਸ ਦੇ ਪਰਿਵਾਰ ਵਾਲੇ ਉਸ ਨੂੰ ਜੋਧਪੁਰ ਲੈ ਗਏ। ਹਾਦਸੇ ਦੀ ਸੂਚਨਾ ਮਿਲਣ 'ਤੇ ਸਿਰੋਹੀ ਦੇ ਕੁਲੈਕਟਰ ਅਲਪਾ ਚੌਧਰੀ, ਐੱਸਪੀ ਅਨਿਲ ਕੁਮਾਰ ਅਤੇ ਡੀਐੱਸਪੀ ਮੁਕੇਸ਼ ਚੌਧਰੀ ਮੌਕੇ 'ਤੇ ਪੁੱਜੇ।

ਪ੍ਰਤਾਪ (53) ਪੁੱਤਰ ਕਾਂਤੀ ਲਾਲ ਭਾਟੀ, ਰਾਮੂਰਾਮ (50) ਪੁੱਤਰ ਪ੍ਰੇਮਰਾਮ ਭਾਟੀ, ਊਸ਼ਾ (50) ਪਤਨੀ ਪ੍ਰਤਾਪ ਭਾਟੀ, ਪੁਸ਼ਪਾ (25) ਪਤਨੀ ਜਗਦੀਸ਼ ਭਾਟੀ ਅਤੇ ਆਸ਼ੂ (11 ਮਹੀਨੇ) ਪੁੱਤਰ ਜਗਦੀਸ਼ ਭਾਟੀ ਦੀ ਮੌਤ ਹੋ ਗਈ। ਇਸ ਦੌਰਾਨ ਸ਼ਾਰਦਾ (48) ਪਤਨੀ ਰਾਮੂਰਾਮ ਭਾਟੀ ਜ਼ਖ਼ਮੀ ਹੋ ਗਏ। ਇਹ ਪਰਿਵਾਰ ਗੁਜਰਾਤ ਦਾ ਰਹਿਣ ਵਾਲਾ ਸੀ। ਆਸ਼ੂ ਪੁਸ਼ਪਾ ਦੀ ਬੇਟੀ ਸੀ। ਇਸ ਹਾਦਸੇ ਵਿੱਚ ਦੋਨਾਂ ਦੀ ਜਾਨ ਚਲੀ ਗਈ। ਸਾਰੇ ਮੂਲ ਰੂਪ ਵਿੱਚ ਖਾਰਾ, ਫਲੋਦੀ (ਰਾਜਸਥਾਨ) ਦੇ ਵਸਨੀਕ ਸਨ।

# ਮੁੱਖ ਮੰਤਰੀ ਵੱਲੋਂ ਪੰਜਾਬੀਆਂ ਨੂੰ ਦੀਵਾਲੀ ਦਾ ਤੋਹਫ਼ਾ, ਹੁਣ ਜ਼ਮੀਨ ਦੀ ਰਜਿਸਟਰੀ ਲਈ ਐੱਨ.ਓ.ਸੀ. ਦੀ ਲੋੜ ਨਹੀਂ

## * ਰਾਜਪਾਲ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ, 2024 ਨੂੰ ਦਿੱਤੀ ਮਨਜ਼ੂਰੀ * ਹਜ਼ਾਰਾਂ ਪੰਜਾਬੀਆਂ ਨੂੰ ਮਿਲੇਗੀ ਵੱਡੀ ਰਾਹਤ

ਚੰਡੀਗੜ੍ਹ, 24 ਅਕਤੂਬਰ (ਪੋਸਟ ਬਿਊਰੋ): ਸੂਬੇ ਦੇ ਵਸਨੀਕਾਂ ਨੂੰ ਦੀਵਾਲੀ ਦੇ ਤੋਹਫ਼ੇ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਲਾਟਾਂ ਦੀ ਰਜਿਸਟ੍ਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰ ਦਿੱਤੀ ਹੈ।



ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੀ ਵਾਸਤੇ ਨੋ ਆਬਜੈਕਸ਼ਨ ਸਰਟੀਫਿਕੇਟ (ਐੱਨਓਸੀ) ਦੀ ਪ੍ਰਥਾ ਨੂੰ ਖ਼ਤਮ ਕਰਨ ਲਈ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ, 2024 ਨੂੰ ਸਹਿਮਤੀ ਦੇਣ ਵਾਸਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਨੇ ਇਸ ਬਿੱਲ ਨੂੰ ਲੰਘੀ 3 ਸਤੰਬਰ ਨੂੰ ਪਾਸ ਕੀਤਾ ਸੀ ਜਿਸ ਤੋਂ ਬਾਅਦ ਅੱਜ ਰਾਜਪਾਲ ਨੇ ਇਸ ਨੂੰ ਪਾਸ ਕਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸੋਧ ਦਾ ਉਦੇਸ਼ ਛੋਟੇ ਪਲਾਟ ਧਾਰਕਾਂ ਨੂੰ ਰਾਹਤ ਦੇਣ ਦੇ ਨਾਲ-ਨਾਲ ਗੈਰ-ਕਾਨੂੰਨੀ ਕਲੋਨੀਆਂ 'ਤੇ ਸਖ਼ਤ ਕੰਟਰੋਲ ਨੂੰ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਆਮ ਲੋਕਾਂ ਲਈ ਵੱਡੀ ਰਾਹਤ ਹੈ ਕਿਉਂਕਿ ਇਸ ਦਾ ਉਦੇਸ਼ ਆਮ ਲੋਕਾਂ ਨੂੰ ਆਪਣੇ ਪਲਾਟਾਂ ਦੀ ਰਜਿਸਟਰੇਸ਼ਨ ਵਿੱਚ ਪੇਸ਼ ਆ ਰਹੀ ਸਮੱਸਿਆ ਨੂੰ ਦੂਰ ਕਰਨਾ ਅਤੇ ਅਣਅਧਿਕਾਰਤ ਕਲੋਨੀਆਂ ਦੀ ਉਸਾਰੀ 'ਤੇ ਰੋਕ ਲਗਾਉਣਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਵਿਚ ਅਪਰਾਧੀਆਂ ਨੂੰ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਇਕ ਇਤਿਹਾਸਕ ਫੈਸਲਾ ਹੈ ਜਿਸ ਦਾ ਉਦੇਸ਼ ਆਮ ਆਦਮੀ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸੋਧ ਅਨੁਸਾਰ, ਕੋਈ ਵੀ ਵਿਅਕਤੀ, ਜਿਸ ਕੋਲ 31 ਜੁਲਾਈ, 2024 ਤੱਕ ਅਣਅਧਿਕਾਰਤ ਕਲੋਨੀ ਵਿੱਚ ਪੰਜ ਸੌ ਵਰਗ ਗਜ਼ ਤੱਕ ਦੇ ਪਲਾਟ ਲਈ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ ’ਤੇ ਵੇਚਣ ਦਾ ਐਗਰੀਮੈਂਟ ਜਾਂ ਕੋਈ ਹੋਰ ਅਜਿਹਾ ਦਸਤਾਵੇਜ਼ ਹੈ, ਨੂੰ ਜ਼ਮੀਨ ਦੀ ਰਜਿਸਟਰੀ ਲਈ ਕਿਸੇ ਇਤਰਾਜ਼ਹੀਣਤਾ ਸਰਟੀਫੀਕੇਟ (ਐਨਓਸੀ) ਦੀ ਲੋੜ ਨਹੀਂ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਕੁਝ ਕਾਲੋਨਾਈਜ਼ਰ ਗ਼ੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕਰਦੇ ਹਨ, ਪਰ ਉਨ੍ਹਾਂ ਦੀਆਂ ਕਰਤੂਤਾਂ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਲੰਮੇਰੇ ਤੇ ਮਾੜੇ ਸ਼ਾਸਨ ਦੌਰਾਨ ਨਾਜਾਇਜ਼ ਕਾਲੋਨੀਆਂ ਵਧੀਆਂ ਸਨ ਕਿਉਂਕਿ ਪਹਿਲਾਂ ਦੇ ਸ਼ਾਸਕਾਂ ਨੇ ਨਾਜਾਇਜ਼ ਕਾਲੋਨਾਈਜ਼ਰਾਂ ਦੀ ਸਰਪ੍ਰਸਤੀ ਕੀਤੀ । ਉਨ੍ਹਾਂ ਕਿਹਾ ਕਿ ਇਸ ਕਾਨੂੰਨ ਨਾਲ ਉਨ੍ਹਾਂ ਕਰੋੜਾਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ, ਜਿਨ੍ਹਾਂ ਨੇ ਗਲਤੀ ਨਾਲ ਆਪਣੀ ਮਿਹਨਤ ਦੀ ਕਮਾਈ ਨੂੰ ਨਾਜਾਇਜ਼ ਕਾਲੋਨੀਆਂ ’ਚ ਲਗਾ ਦਿੱਤਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਭੋਲੇ-ਭਾਲੇ ਲੋਕਾਂ ਨੇ ਆਪਣਾ ਪੈਸਾ ਘਰ ਬਣਾਉਣ ਲਈ ਲਾਇਆ ਸੀ, ਪਰ ਨਾਜਾਇਜ਼ ਕਾਲੋਨੀਆਂ ਕਾਰਨ ਮੁਸ਼ਕਲਾਂ ਦੀ ਗ੍ਰਿਫਤ ਵਿੱਚ ਫਸ ਗਏ।

# ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ‘ਨਿਆਂ ਦੀ ਦੇਵੀ’ ਦੀ ਮੂਰਤੀ ’ਚ ਕੀਤੇ ਬਦਲਾਅ ’ਤੇ ਜਤਾਇਆ ਇਤਰਾਜ਼

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): ‘ਨਿਆਂ ਦੀ ਦੇਵੀ’ ਦੀ ਮੂਰਤੀ ‘ਚ ਕੀਤੇ ਬਦਲਾਅ ਨੂੰ ਲੈ ਕੇ ਹੁਣ ਨਵਾਂ ਵਿਵਾਦ ਸ਼ੁਰੂ ਹੋ ਗਿਆ ਹੈ . ਦਰਅਸਲ, ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਸੁਪਰੀਮ ਕੋਰਟ ਦੇ ਪ੍ਰਤੀਕ ‘ਨਿਆਂ ਦੀ ਦੇਵੀ’ ਦੀ ਮੂਰਤੀ ‘ਚ ਬੁਨਿਆਦੀ ਬਦਲਾਅ ‘ਤੇ ਇਤਰਾਜ਼ ਜਤਾਇਆ ਹੈ।



ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਸਰਬਸੰਮਤੀ ਨਾਲ ਇਸ ਬਦਲਾਅ ਖ਼ਿਲਾਫ਼ ਮਤਾ ਪਾਸ ਕੀਤਾ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ‘ਚ ਜੱਜਾਂ ਦੀ ਲਾਇਬ੍ਰੇਰੀ ‘ਚ ਨਿਆਂ ਦੀ ਦੇਵੀ ਦੀ ਨਵੀਂ ਛੇ ਫੁੱਟ ਉੱਚੀ ਮੂਰਤੀ ਸਥਾਪਿਤ ਕੀਤੀ ਗਈ ਹੈ, ਜਿਸ ਦੇ ਇਕ ਹੱਥ ‘ਚ ਤੱਕੜੀ ਅਤੇ ਦੂਜੇ ਹੱਥ ਵਿਚ ਤਲਵਾਰ ਦੀ ਥਾਂ ਸੰਵਿਧਾਨ ਹੈ। ਚਿੱਟੇ ਪਰੰਪਰਾਗਤ ਪਹਿਰਾਵੇ ’ਚ ‘ਨਿਆਂ ਦੀ ਦੇਵੀ’ ਦੀ ਨਵੀਂ ਮੂਰਤੀ, ਅੱਖਾਂ ‘ਤੇ ਪੱਟੀ ਬੰਨ੍ਹੀ ਵੀ ਨਹੀਂ ਹੈ ਅਤੇ ਉਸ ਦੇ ਸਿਰ ‘ਤੇ ਤਾਜ ਹੈ।

ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਪਿਲ ਸਿੱਬਲ ਅਤੇ ਕਾਰਜਕਾਰੀ ਕਮੇਟੀ ਦੇ ਹੋਰ ਮੈਂਬਰਾਂ ਵੱਲੋਂ ਹਸਤਾਖਰ ਕੀਤੇ ਮਤੇ ‘ਚ ਵੀ ਪ੍ਰਸਤਾਵਿਤ ਅਜਾਇਬ ਘਰ ‘ਤੇ ਇਤਰਾਜ਼ ਉਠਾਇਆ ਗਿਆ ਸੀ, ਜਿੱਥੇ ਉਨ੍ਹਾਂ ਨੇ ਬਾਰ ਦੇ ਮੈਂਬਰਾਂ ਲਈ ਇੱਕ ਕੈਫੇ-ਲਾਉਂਜ ਬਣਾਉਣ ਦੀ ਮੰਗ ਕੀਤੀ ਸੀ।

ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਮੁਤਾਬਕ ਹਾਲ ਹੀ ‘ਚ ਅਦਾਲਤ ਨੇ ਬਾਰ ਨਾਲ ਸਲਾਹ ਕੀਤੇ ਬਿਨਾਂ ਆਪਣੇ ਪ੍ਰਤੀਕ ਚਿੰਨ੍ਹ ਅਤੇ ਨਿਆਂ ਦੀ ਦੇਵੀ ਦੀ ਮੂਰਤੀ ‘ਚ ਇਕਪਾਸੜ ਬਦਲਾਅ ਕੀਤੇ ਹਨ। ਅਸੀਂ ਨਿਆਂ ਪ੍ਰਣਾਲੀ ‘ਚ ਬਰਾਬਰ ਦੇ ਹਿੱਸੇਦਾਰ ਹਾਂ, ਪਰ ਪ੍ਰਸਤਾਵਿਤ ਤਬਦੀਲੀਆਂ ਬਾਰੇ ਸਾਡੇ ਨਾਲ ਕਦੇ ਵੀ ਸਲਾਹ ਨਹੀਂ ਕੀਤੀ ਗਈ। ਅਸੀਂ ਇਨ੍ਹਾਂ ਤਬਦੀਲੀਆਂ ਦੇ ਪਿੱਛੇ ਦੇ ਤਰਕ ਤੋਂ ਪੂਰੀ ਤਰ੍ਹਾਂ ਅਣਜਾਣ ਹਾਂ।

# ‘ਭਾਰਤ’ ਬ੍ਰਾਂਡ ਤਹਿਤ ਸਸਤੇ ਭਾਅ ਵਿਚ ਵੇਚੀਆਂ ਜਾਣਗੀਆਂ ਦਾਲਾਂ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): ਕੇਂਦਰ ਸਰਕਾਰ ਨੇ ‘ਭਾਰਤ’ ਬ੍ਰਾਂਡ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਹੈ। ਇਸ ਸੰਬੰਧੀ ਕੇਂਦਰੀ ਖੁਰਾਕ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਦੱਸਿਆ ਸਹਿਕਾਰੀ ਨੈਟਵਰਕ ਐੱਨ.ਸੀ.ਸੀ.ਐੱਫ, ਨੈਫੇਡ ਅਤੇ ਕੇਂਦਰੀ ਭੰਡਾਰ ਰਾਹੀਂ ਛੋਲਿਆਂ ਦੀ ਦਾਲ 89 ਰੁਪਏ ਪ੍ਰਤੀ ਕਿੱਲੋਗ੍ਰਾਮ ਅਤੇ ਮਸਰ ਦੀ ਦਾਲ 89 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਖੁਦਰਾ ਰੂਪ ‘ਚ ਵੇਚੇਗੀ।

ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਅਸੀਂ ਮੁੱਲ ਸਥਿਰਤਾ ਫੰਡ ਦੇ ਤਹਿਤ ਰੱਖੇ ਆਪਣੇ ਬਫਰ ਸਟਾਕ ਨੂੰ ਸਬਸਿਡੀ ਵਾਲੀਆਂ ਦਰਾਂ ‘ਤੇ ਵੇਚ ਰਹੇ ਹਾਂ। ਕੇਂਦਰ ਸਰਕਾਰ ਨੇ ਸਹਿਕਾਰੀ ਸਭਾਵਾਂ ਨੂੰ 3 ਲੱਖ ਟਨ ਛੋਲੇ ਅਤੇ 68,000 ਟਨ ਮੂੰਗੀ ਅਲਾਟ ਕੀਤੀ ਹੈ। ਇਸ ਮੌਕੇ ‘ਤੇ ਖੁਰਾਕ ਅਤੇ ਖਪਤਕਾਰ ਮਾਮਲਿਆਂ ਦੇ ਰਾਜ ਮੰਤਰੀ ਬੀਐੱਲ ਵਰਮਾ ਅਤੇ ਨਿਮੁਬੇਨ ਜਯੰਤੀਭਾਈ ਮੌਜੂਦ ਸਨ। ਐੱਨਸੀਸੀਐੱਫ ਦੇ ਮੈਨੇਜਿੰਗ ਡਾਇਰੈਕਟਰ ਅਨੀਸ਼ ਚੰਦਰ ਜੋਸੇਫ ਨੇ ਕਿਹਾ ਕਿ ਵੰਡ ਸ਼ੁਰੂ ’ਚ ਦਿੱਲੀ, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ‘ਚ ਸ਼ੁਰੂ ਹੋਵੇਗੀ। ਇਸ ਯੋਜਨਾ ਦੇ ਤਹਿਤ 10 ਦਿਨਾਂ ਦੇ ਅੰਦਰ ਦੇਸ਼ ਭਰ ’ਚ ਭਾਰਤ ਬ੍ਰਾਂਡ ਦੇ ਉਤਪਾਦਾਂ ਦੀ ਪ੍ਰਚੂਨ ਵਿਕਰੀ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਹੁੰਚ ਨੂੰ ਵਧਾਉਣ ਲਈ ਈ-ਕਾਮਰਸ ਪਲੇਟਫਾਰਮਾਂ ਅਤੇ ਪ੍ਰਚੂਨ ਦੁਕਾਨਾਂ ਨਾਲ ਗੱਲਬਾਤ ਕਰ ਰਹੇ ਹਾਂ।




ਇਸ ਸਕੀਮ ਦਾ ਪਹਿਲਾ ਪੜਾਅ ਅਕਤੂਬਰ 2023 ’ਚ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਦੌਰਾਨ, ਚਾਵਲ ਅਤੇ ਕਣਕ ਦੇ ਆਟੇ ਦੇ ਨਾਲ-ਨਾਲ ਛੋਲਿਆਂ ਦੀ ਦਾਲ, ਮੂੰਗੀ ਦੀ ਦਾਲ ਆਦਿ ਸਰਕਾਰ ਵੱਲੋਂ ਸਸਤੀਆਂ ਦਰਾਂ ‘ਤੇ ਪ੍ਰਚੂਨ ਵਿਕਰੀ ਕੀਤੀ ਜਾਂਦੀ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡਿਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੌਆ

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਡਾ.ਸਾਹਨੀ ਨੇ ਪੰਜਾਬ 'ਚ ਝੋਨੇ ਦੇ ਸੰਕਟ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਦਖਲ ਦੇਣ ਦੀ ਕੀਤੀ ਅਪੀਲ



ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ 'ਚ ਝੋਨੇ ਦੀ ਢਿੱਲੀ ਖਰੀਦ ਦੇ ਮੁੱਦੇ 'ਤੇ ਦਖਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਐੱਮਪੀ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਰਾਈਸ ਮਿੱਲਰਾਂ ਨੇ ਮੁੱਖ ਤੌਰ 'ਤੇ ਐੱਫ.ਸੀ.ਆਈ ਵੱਲੋਂ ਲਿਫਟਿੰਗ ਨਾ ਕੀਤੇ ਜਾਣ ਕਾਰਨ ਭੰਡਾਰਨ ਦੀ ਥਾਂ ਦੀ ਘਾਟ ਕਾਰਨ ਝੋਨਾ ਚੁੱਕਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ । ਖੁਸ਼ਕਿਸਮਤੀ ਨਾਲ ਸਰਕਾਰ ਦੇ ਦਖਲ ਤੋਂ ਬਾਅਦ ਕੁੱਲ 5000 'ਚੋਂ 3000 ਰਾਈਸ ਮਿੱਲਰ ਝੋਨੇ ਦੀ ਖਰੀਦ ਲਈ ਆ ਗਏ ਹਨ, ਪਰ ਸਟੋਰੇਜ ਲਈ ਜਗ੍ਹਾ ਦੀ ਘਾਟ ਮੁੱਖ ਮੁੱਦਾ ਬਣਿਆ ਹੋਇਆ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਦਹਾਕਿਆਂ ਤੋਂ ਕੇਂਦਰੀ ਪੂਲ 'ਚ ਝੋਨੇ ਦਾ ਸਭ ਤੋਂ ਵੱਡਾ ਯੋਗਦਾਨ ਦਿੱਤਾ ਹੈ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ। ਇਸ ਸਾਲ ਪੰਜਾਬ ਦੇ ਮਿਹਨਤੀ ਕਿਸਾਨਾਂ ਨੇ 180 ਲੱਖ ਮੀਟ੍ਰਿਕ ਟਨ ਝੋਨੇ ਦੀ ਪੈਦਾਵਾਰ ਕੀਤੀ ਹੈ, ਪਰ ਬਦਕਿਸਮਤੀ ਨਾਲ ਪਿਛਲੇ ਸਾਲ ਦਾ 120 ਲੱਖ ਮੀਟ੍ਰਿਕ ਟਨ ਝੋਨਾ ਅਜੇ ਵੀ ਗੁਦਾਮਾਂ 'ਚ ਸਟੋਰ ਕੀਤਾ ਹੋਇਆ ਹੈ।

ਇਹ ਬੈਕਲਾਗ ਮੁੱਖ ਤੌਰ 'ਤੇ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਸਰਕਾਰ ਦੀ ਪਾਬੰਦੀ ਕਾਰਨ ਹੈ, ਜਿਸ ਕਾਰਨ ਝੋਨਾ ਇਕੱਠਾ ਹੋਇਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਜਨਤਕ ਵੰਡ ਪ੍ਰਣਾਲੀ ਲਈ ਪਿਛਲੇ ਸਾਲ ਚੌਲਾਂ ਦੀ ਵੱਡੀ ਮਾਤਰਾ 'ਚ ਖਰੀਦ ਨਹੀਂ ਕੀਤੀ, ਜਿਸ ਨਾਲ ਗੁਦਾਮਾਂ 'ਚ ਸਰਪਲੱਸ 'ਚ ਝੋਨਾ ਪਿਆ ਹੈ। ਵਿਕਰਮਜੀਤ ਸਾਹਨੀ ਨੇ ਦੱਸਿਆ ਕਿ ਹੁਣ ਤੱਕ ਸਿਰਫ 10 ਲੱਖ ਟਨ ਝੋਨੇ ਦੀ ਹੀ ਲਿਫਟਿੰਗ ਹੋਈ ਹੈ।

# ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਸਬੰਧੀ ਕੋਈ ਵੀ ਮਾਮਲਾ ਕਾਰਵਾਈ ਕਰਨ ਤੋਂ ਪਹਿਲਾਂ ਮੇਰੇ ਧਿਆਨ ਵਿੱਚ ਲਿਆਂਦਾ ਜਾਵੇ : ਸੰਧਵਾਂ

*** ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਸਬੰਧੀ ਪੱਤਰ ਵਾਪਿਸ ਲਿਆ**

ਚੰਡੀਗੜ੍ਹ, 24 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਪੱਸ਼ਟ ਕੀਤਾ ਹੈ ਕਿ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਸਬੰਧੀ ਕਿਸੇ ਵੀ ਮਾਮਲੇ 'ਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਜ਼ਿਕਰਯੋਗ ਹੈ ਕਿ ਵਿਸ਼ੇਸ਼ ਅਧਿਕਾਰਾਂ ਬਾਰੇ ਪੰਜਾਬ ਅਸੈਂਬਲੀ ਕਮੇਟੀ, ਜੋ ਸ. ਸੰਧਵਾਂ ਦੀ ਨਿਗਰਾਨੀ ਹੇਠ ਹੈ, ਵਿਸ਼ੇਸ਼ ਅਧਿਕਾਰਾਂ ਦੀ ਕਥਿਤ ਉਲੰਘਣਾ ਦੀ ਜਾਂਚ ਤੇ ਤਫ਼ਤੀਸ਼ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਕਮੇਟੀ ਦੇ ਕਾਰਜਾਂ ਵਿੱਚ ਸਦਨ , ਇਸਦੀਆਂ ਕਮੇਟੀਆਂ ਅਤੇ ਮੈਂਬਰਾਂ ਦੀ ਆਜ਼ਾਦੀ, ਅਧਿਕਾਰ ਅਤੇ ਪ੍ਰਤਿਸ਼ਠਾ ਦੀ ਰਾਖੀ ਕਰਨਾ ਸ਼ਾਮਲ ਹੈ।

ਇਸ ਦੌਰਾਨ, ਪੰਜਾਬ ਵਿਧਾਨ ਸਭਾ ਸਕੱਤਰੇਤ ਨੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਬਾਰੇ ਸ਼ਿਕਾਇਤ ਸਬੰਧੀ ਆਪਣਾ ਪੱਤਰ ਨੰਬਰ 54, 18 ਅਕਤੂਬਰ, 2024 ਵਾਪਿਸ ਲੈ ਲਿਆ ਹੈ। ਇਹ ਪੱਤਰ 22 ਅਕਤੂਬਰ, 2024 ਨੂੰ ਵਾਪਿਸ ਲੈ ਲਿਆ ਗਿਆ ਸੀ।

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਬੁਲਾਰੇ ਅਨੁਸਾਰ ਜੈਤੋਂ ਦੇ ਵਿਧਾਇਕ ਅਮੋਲਕ ਸਿੰਘ ਨੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ। ਆਮ ਪ੍ਰਕਿਰਿਆ ਦੇ ਹਿੱਸੇ ਵਜੋਂ, ਪੰਜਾਬ ਵਿਧਾਨ ਸਭਾ ਸਕੱਤਰੇਤ ਨੇ ਸਰਕਾਰੀ ਪ੍ਰਾਇਮਰੀ ਸਕੂਲ ਗੋਦਾਰਾ, ਜ਼ਿਲ੍ਹਾ ਫ਼ਰੀਦਕੋਟ ਦੇ ਅਧਿਆਪਕਾਂ ਨੂੰ ਪੱਤਰ ਭੇਜ ਕੇ ਇਸ ਮਾਮਲੇ 'ਤੇ ਸਪੱਸ਼ਟੀਕਰਨ ਮੰਗਿਆ ਸੀ।

ਸਪੀਕਰ ਸੰਧਵਾਂ ਨੇ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰੀਆਂ ਨੂੰ ਫ਼ਟਕਾਰ ਲਗਾਈ ਅਤੇ ਪੱਤਰ ਤੁਰੰਤ ਵਾਪਿਸ ਲੈਣ ਦੇ ਆਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਧਿਆਪਕ ਸਮਾਜ ਦਾ ਧੁਰਾ ਹੁੰਦੇ ਹਨ ਅਤੇ ਉਨ੍ਹਾਂ ਦੇ ਮਾਣ-ਸਨਮਾਨ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।

# ਮੁੱਖ ਮੰਤਰੀ ਦਾ ਬਠਿੰਡਾ ਵਾਸੀਆਂ ਨੂੰ ਤੋਹਫ਼ਾ, 41 ਕਰੋੜ ਰੁਪਏ ਦੇ ਦੋ ਵੱਕਾਰੀ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ

*** ਨਵਾਂ ਬਣਿਆ ਗਰਲਜ਼ ਸਕੂਲ ਅਤੇ ਬਲਵੰਤ ਗਾਰਗੀ ਆਡੀਟੋਰੀਅਮ ਕੀਤਾ ਸ਼ਹਿਰ ਵਾਸੀਆਂ ਨੂੰ ਸਮਰਪਿਤ * ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਾ ਛੱਡਣ ਦਾ ਦਿੱਤਾ ਭਰੋਸਾ**







ਬਠਿੰਡਾ, 24 ਅਕਤੂਬਰ (ਪੋਸਟ ਬਿਊਰੋ): ਬਠਿੰਡਾ ਸ਼ਹਿਰ ਵਾਸੀਆਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 41 ਕਰੋੜ ਰੁਪਏ ਦੀ ਲਾਗਤ ਵਾਲੇ ਦੋ ਅਹਿਮ ਪ੍ਰਾਜੈਕਟ ਨਵਾਂ ਬਣਿਆ ਗਰਲਜ਼ ਸਕੂਲ ਅਤੇ ਬਲਵੰਤ ਗਾਰਗੀ ਆਡੀਟੋਰੀਅਮ ਸ਼ਹਿਰ ਵਾਸੀਆਂ ਨੂੰ ਸਮਰਪਿਤ ਕੀਤੇ।

ਅੱਜ ਇੱਥੇ ਬਲਵੰਤ ਗਾਰਗੀ ਆਡੀਟੋਰੀਅਮ ਲੋਕਾਂ ਨੂੰ ਸਮਰਪਿਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਸਰਵ-ਪੱਖੀ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ, ਰੁਜ਼ਗਾਰ ਅਤੇ ਹੋਰ ਰਾਜ ਸਰਕਾਰਾਂ ਦੇ ਤਰਜੀਹੀ ਖੇਤਰ ਹਨ ਅਤੇ ਇਨ੍ਹਾਂ 'ਤੇ ਪੂਰਾ ਜ਼ੋਰ ਦਿੱਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਥੋਂ ਤੱਕ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਤਰੱਕੀ ਦਾ ਸਬੰਧ ਹੈ, ਤਾਂ ਸਾਡੇ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੁਚੱਜਾ ਪ੍ਰਸ਼ਾਸਨ ਅਤੇ ਸਾਫ਼-ਸੁਥਰਾ ਨਿਜ਼ਾਮ ਦੇਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਆਡੀਟੋਰੀਅਮ, ਜੋ ਇੰਜੀਨੀਅਰਿੰਗ ਦਾ ਇੱਕ ਅਦਭੁਤ ਨਮੂਨਾ ਹੈ, 30 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਆਡੀਟੋਰੀਅਮ ਵਿੱਚ ਇੱਕ ਸੈਮੀਨਾਰ ਹਾਲ, ਦੋ ਕਾਨਫਰੰਸ ਰੂਮ, ਪ੍ਰਦਰਸ਼ਨੀ ਹਾਲ ਅਤੇ ਲੋਕਾਂ ਲਈ ਹੋਰ ਲੋੜੀਂਦੀਆਂ ਸਹੂਲਤਾਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਆਡੀਟੋਰੀਅਮ ਦਾ ਨਾਂ ਪ੍ਰਸਿੱਧ ਸਾਹਿਤਕਾਰ ਪਦਮ ਸ੍ਰੀ ਬਲਵੰਤ ਗਾਰਗੀ ਦੇ ਨਾਂ 'ਤੇ ਰੱਖਿਆ ਗਿਆ ਹੈ ਅਤੇ ਇਹ ਮਿੱਟੀ ਦੇ ਮਹਾਨ ਪੁੱਤਰ ਨੂੰ ਅਸਲ ਸ਼ਰਧਾਂਜਲੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਜਿਹਾ ਅਤਿ-ਆਧੁਨਿਕ ਆਡੀਟੋਰੀਅਮ ਪਹਿਲਾਂ ਸਿਰਫ਼ ਵਿਦੇਸ਼ਾਂ ਵਿੱਚ ਹੀ ਬਣਾਇਆ ਜਾਂਦਾ ਸੀ, ਪਰ ਹੁਣ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਮਾਲਵੇ ਦੇ ਗੜ੍ਹ ਵਿੱਚ ਉਸਾਰਿਆ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਆਡੀਟੋਰੀਅਮ ਨੂੰ ਵਰਕਸ਼ਾਪਾਂ, ਸੈਮੀਨਾਰਾਂ ਅਤੇ ਹੋਰ ਸਮਾਗਮਾਂ ਲਈ ਵਰਤਿਆ ਜਾਵੇਗਾ, ਜੋ ਨੌਜਵਾਨਾਂ ਨੂੰ ਯੋਗ ਸੇਧ ਦੇਣ ਵਿੱਚ ਮਦਦ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਇੱਕ ਸਿਹਤਮੰਦ ਪਲੇਟਫਾਰਮ ਪ੍ਰਦਾਨ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਵਿੱਚ ਹਰ ਖੇਤਰ ਵਿੱਚ ਮੱਲਾਂ ਮਾਰਨ ਲਈ ਸੁਭਾਵਿਕ ਗੁਣ ਹੁੰਦੇ ਹਨ ਅਤੇ ਇਨ੍ਹਾਂ ਦੀ ਕਾਬਲੀਅਤ ਦੀ ਸਹੀ ਤੇ ਸੁਚੱਜੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਅਤੇ ਨੌਜਵਾਨ ਦੇ ਉਡਾਰ ਮਨ ਹਵਾਈ ਜਹਾਜ਼ ਦੀ ਤਰ੍ਹਾਂ ਹੁੰਦੇ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਲਾਂਚਪੈਡ ਮੁਹੱਈਆ ਕਰਵਾਏਗੀ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕਿਹਾ ਕਿ ਉਹ ਉਦੋਂ ਤੱਕ ਯਤਨ ਕਰਦੇ ਰਹਿਣਗੇ, ਜਦੋਂ ਤੱਕ ਪੰਜਾਬ ਦੇ ਵਿਦਿਆਰਥੀ ਆਪਣੇ ਮਿੱਥੇ ਟੀਚੇ ਸਰ ਨਹੀਂ ਕਰ ਲੈਂਦੇ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਜੀਵਨ ਵਿੱਚ ਵਡੇਰੀ ਸਫ਼ਲਤਾ ਹਾਸਲ ਕਰਨ ਤੋਂ ਬਾਅਦ ਵੀ ਧਰਤੀ ਨਾਲ ਜੁੜੇ ਰਹਿਣ ਅਤੇ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਣ ਲਈ ਕਿਹਾ ਕਿਉਂਕਿ ਮਿਹਨਤ ਹੀ ਸਫ਼ਲਤਾ ਦੀ ਪਲੇਠੀ ਤੇ ਆਖ਼ਰੀ ਕੁੰਜੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਸੂਬੇ ਵਿੱਚ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ ਕਿਉਂਕਿ ਇਸ ਧਰਤੀ 'ਤੇ ਤਰੱਕੀ ਅਤੇ ਖੁਸ਼ਹਾਲੀ ਦੀ ਬਹੁਤ ਗੁੰਜਾਇਸ਼ ਮੌਜੂਦ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਦੇ ਵਿਕਾਸ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ।






# ਰਵਾਇਤੀ ਤੋਂ ਡਿਜ਼ੀਟਲ ਤੱਕ ਤਿਉਹਾਰ ਦੇ ਜਸ਼ਨ

ਵਿਜੈ ਗਰਗ

ਤਿਉਹਾਰ ਹਮੇਸ਼ਾ ਮਨੁੱਖੀ ਸੱਭਿਆਚਾਰ ਦਾ ਆਧਾਰ ਰਹੇ ਹਨ, ਜੋ ਖੁਸ਼ੀ, ਪ੍ਰਤੀਬਿੰਬ ਅਤੇ ਭਾਈਚਾਰਕ ਸਾਂਝ ਦੇ ਪਲਾਂ ਵਜੋਂ ਸੇਵਾ ਕਰਦੇ ਹਨ। ਪਰੰਪਰਾਗਤ ਤੌਰ 'ਤੇ, ਇਹ ਜਸ਼ਨਾਂ ਨੂੰ ਰੀਤੀ-ਰਿਵਾਜਾਂ, ਇਕੱਠਾਂ, ਅਤੇ ਪੀੜ੍ਹੀ-ਦਰ-ਪੀੜ੍ਹੀ ਪੁਰਾਣੇ ਰੀਤੀ-ਰਿਵਾਜਾਂ ਦੁਆਰਾ ਚਿੰਨ੍ਹਿਤ ਕੀਤਾ ਗਿਆ ਹੈ। ਹਾਲਾਂਕਿ, ਜਿਵੇਂ ਕਿ ਡਿਜੀਟਲ ਯੁੱਗ ਸ਼ੁਰੂ ਹੋਇਆ, ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਆਈ ਹੈ। ਇਹ ਬਲੌਗ ਤਿਉਹਾਰਾਂ ਦੀ ਉਹਨਾਂ ਦੀਆਂ ਰਵਾਇਤੀ ਜੜ੍ਹਾਂ ਤੋਂ ਉਹਨਾਂ ਦੇ ਮੌਜੂਦਾ ਡਿਜੀਟਲ ਅਵਤਾਰਾਂ ਤੱਕ ਦੀ ਯਾਤਰਾ ਦੀ ਪੜਚੋਲ ਕਰਦਾ ਹੈ, ਇਸ ਗੱਲ 'ਤੇ ਰੌਸ਼ਨੀ ਪਾਉਂਦਾ ਹੈ ਕਿ ਕਿਵੇਂ ਤਕਨਾਲੋਜੀ ਨੇ ਸਾਡੇ ਤਿਉਹਾਰਾਂ ਦੇ ਤਜ਼ਰਬਿਆਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ। ਤਿਉਹਾਰਾਂ ਦਾ ਪਰੰਪਰਾਗਤ ਤੱਤ: ਇਤਿਹਾਸਕ ਤੌਰ 'ਤੇ, ਤਿਉਹਾਰ ਧਾਰਮਿਕ, ਖੇਤੀਬਾੜੀ, ਜਾਂ ਸੱਭਿਆਚਾਰਕ ਅਭਿਆਸਾਂ ਨਾਲ ਡੂੰਘੇ ਜੁੜੇ ਹੋਏ ਸਨ। ਭਾਵੇਂ ਇਹ ਭਾਰਤ ਵਿੱਚ ਦੀਵਾਲੀ ਦੇ ਦੌਰਾਨ ਦੀਵੇ ਜਗਾਉਣ ਦੀ ਗੱਲ ਹੋਵੇ, ਬ੍ਰਾਜ਼ੀਲ ਵਿੱਚ ਕਾਰਨੀਵਲ ਦੀਆਂ ਸ਼ਾਨਦਾਰ ਪਰੇਡਾਂ, ਜਾਂ ਸੰਯੁਕਤ ਰਾਜ ਵਿੱਚ ਥੈਂਕਸਗਿਵਿੰਗ ਦਾ ਸ਼ਾਂਤ ਪ੍ਰਤੀਬਿੰਬ, ਤਿਉਹਾਰਾਂ ਦੀ ਵਿਸ਼ੇਸ਼ਤਾ ਸਰੀਰਕ ਇਕੱਠਾਂ, ਸਾਂਝੇ ਭੋਜਨ ਅਤੇ ਫਿਰਕੂ ਭਾਗੀਦਾਰੀ ਨਾਲ ਹੁੰਦੀ ਸੀ।

ਸੱਭਿਆਚਾਰਕ ਮਹੱਤਵ: ਤਿਉਹਾਰ ਸੱਭਿਆਚਾਰਕ ਪਛਾਣ ਨੂੰ ਸੁਰੱਖਿਅਤ ਰੱਖਣ ਦਾ ਸਾਧਨ ਸਨ। ਰੀਤੀ ਰਿਵਾਜ, ਪਰੰਪਰਾਗਤ ਪਹਿਰਾਵਾ, ਸੰਗੀਤ ਅਤੇ ਨਾਚ ਇਹਨਾਂ ਜਸ਼ਨਾਂ ਦੇ ਅਨਿੱਖੜਵੇਂ ਅੰਗ ਸਨ, ਜੋ ਪੀੜ੍ਹੀਆਂ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਹਨ। ਭਾਈਚਾਰਕ ਸਾਂਝ: ਤਿਉਹਾਰਾਂ ਨੇ ਭਾਈਚਾਰਿਆਂ ਨੂੰ ਇਕਜੁੱਟ ਕੀਤਾ, ਆਪਸੀ ਸਾਂਝ ਅਤੇ ਸਾਂਝੀ ਪਛਾਣ ਦੀ ਭਾਵਨਾ ਪੈਦਾ ਕੀਤੀ। ਉਹ ਅਕਸਰ ਪਰਿਵਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੋਸਤੀ ਨੂੰ ਨਵਿਆਉਣ ਲਈ ਪਿਛੋਕੜ ਸਨ। ਸਰੀਰਕ ਭਾਗੀਦਾਰੀ: ਘਰਾਂ ਨੂੰ ਸਜਾਉਣ ਤੋਂ ਲੈ ਕੇ ਜਲੂਸਾਂ ਵਿੱਚ ਹਿੱਸਾ ਲੈਣ ਤੱਕ, ਤਿਉਹਾਰਾਂ ਵਿੱਚ ਸਰੀਰਕ ਸ਼ਮੂਲੀਅਤ ਨੂੰ ਜਸ਼ਨ ਦੇ ਇੱਕ ਜ਼ਰੂਰੀ ਹਿੱਸੇ ਵਜੋਂ ਦੇਖਿਆ ਜਾਂਦਾ ਸੀ। ਤਕਨਾਲੋਜੀ ਦਾ ਆਗਮਨ: ਇੰਟਰਨੈਟ ਅਤੇ ਡਿਜੀਟਲ ਤਕਨਾਲੋਜੀਆਂ ਦੇ ਉਭਾਰ ਨਾਲ, ਤਿਉਹਾਰਾਂ ਦੇ ਜਸ਼ਨਾਂ ਦਾ ਲੈਂਡਸਕੇਪ ਬਦਲਣਾ ਸ਼ੁਰੂ ਹੋ ਗਿਆ ਹੈ। ਡਿਜ਼ੀਟਲ ਪਲੇਟਫਾਰਮਾਂ ਦੁਆਰਾ ਸਮਰਥਿਤ ਸੁਵਿਧਾ, ਕਨੈਕਟੀਵਿਟੀ, ਅਤੇ ਰਚਨਾਤਮਕਤਾ ਨੇ ਜਸ਼ਨ ਮਨਾਉਣ ਦੇ ਨਵੇਂ ਤਰੀਕੇ ਪੇਸ਼ ਕੀਤੇ ਹਨ, ਖਾਸ ਤੌਰ 'ਤੇ ਵਧਦੀ ਗਲੋਬਲਾਈਜ਼ਡ ਅਤੇ ਤਕਨੀਕੀ-ਸਮਝਦਾਰ ਦੁਨੀਆ ਵਿੱਚ। ਵਰਚੁਅਲ ਇਕੱਠੀਆਂ: ਸਭ ਤੋਂ ਮਹੱਤਵਪੂਰਨ ਤਬਦੀਲੀਆਂ ਵਿੱਚੋਂ ਇੱਕ ਭੌਤਿਕ ਇਕੱਠਾਂ ਤੋਂ ਵਰਚੁਅਲ ਇਕੱਠਾਂ ਵਿੱਚ ਤਬਦੀਲੀ ਹੈ। ਫੇਸਬੁੱਕ, ਜ਼ੂਮ, ਅਤੇ ਇੰਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮ ਵਰਚੁਅਲ ਤਿਉਹਾਰ ਦੇ ਜਸ਼ਨਾਂ ਦੀ ਮੇਜ਼ਬਾਨੀ ਲਈ ਪ੍ਰਸਿੱਧ ਸਥਾਨ ਬਣ ਗਏ ਹਨ, ਜਿਸ ਨਾਲ ਲੋਕਾਂ ਨੂੰ ਅਸਲ-ਸਮੇਂ ਵਿੱਚ ਦੁਨੀਆ ਭਰ ਦੇ ਅਜ਼ੀਜ਼ਾਂ ਨਾਲ ਜੁੜਨ ਦੀ ਆਗਿਆ ਮਿਲਦੀ ਹੈ। ਡਿਜੀਟਲ ਸਜਾਵਟ: ਰਵਾਇਤੀ ਸਜਾਵਟ ਵਿੱਚ ਵੀ ਇੱਕ ਡਿਜੀਟਲ ਮੇਕਓਵਰ ਦੇਖਿਆ ਗਿਆ ਹੈ।

ਔਗਮੈਂਟੇਡ ਰਿਐਲਿਟੀ () ਅਤੇ ਵਰਚੁਅਲ ਡਿਜ਼ਾਈਨ ਟੂਲ ਵਿਅਕਤੀਆਂ ਨੂੰ ਘੱਟੋ-ਘੱਟ ਸਰੀਰਕ ਮਿਹਨਤ ਨਾਲ ਆਪਣੇ ਘਰਾਂ ਵਿੱਚ ਤਿਉਹਾਰਾਂ ਦਾ ਮਾਹੌਲ ਬਣਾਉਣ ਦੀ ਇਜਾਜ਼ਤ ਦਿੰਦੇ ਹਨ। ਐਪਾਂ ਹੁਣ ਵਰਚੁਅਲ ਦੀਵਾਲੀ ਲੈਂਪ ਤੋਂ ਲੈ ਕੇ ਅਨੁਕੂਲਿਤ ਕ੍ਰਿਸਮਸ ਟ੍ਰੀ ਤੱਕ ਸਭ ਕੁਝ ਪੇਸ਼ ਕਰਦੀਆਂ ਹਨ। ਔਨਲਾਈਨ ਖਰੀਦਦਾਰੀ ਅਤੇ ਤੋਹਫ਼ੇ: ਈ-ਕਾਮਰਸ ਦੇ ਉਭਾਰ ਨੇ ਕ੍ਰਾਂਤੀ ਲਿਆ ਦਿੱਤੀ ਹੈ ਕਿ ਅਸੀਂ ਤਿਉਹਾਰਾਂ ਲਈ ਖਰੀਦਦਾਰੀ ਕਿਵੇਂ ਕਰਦੇ ਹਾਂ। ਭੀੜ-ਭੜੱਕੇ ਵਾਲੇ ਬਾਜ਼ਾਰਾਂ ਦੀ ਬਜਾਏ, ਲੋਕ ਹੁਣ ਸਜਾਵਟ, ਤੋਹਫ਼ਿਆਂ ਅਤੇ ਤਿਉਹਾਰਾਂ ਦੇ ਪਹਿਰਾਵੇ ਲਈ ਔਨਲਾਈਨ ਸਟੋਰਾਂ ਨੂੰ ਬ੍ਰਾਊਜ਼ ਕਰਦੇ ਹਨ। ਡਿਜੀਟਲ ਤੋਹਫ਼ੇ ਕਾਰਡ ਅਤੇ ਵਰਚੁਅਲ ਤੋਹਫ਼ੇ ਵੀ ਆਮ ਹੋ ਗਏ ਹਨ, ਜੋ ਇੱਕ ਤੇਜ਼-ਰਫ਼ਤਾਰ, ਡਿਜੀਟਲ-ਪਹਿਲੀ ਦੁਨੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ।

ਸੋਸ਼ਲ ਮੀਡੀਆ ਦਾ ਪ੍ਰਭਾਵ: ਸੋਸ਼ਲ ਮੀਡੀਆ ਨੇ ਨਾ ਸਿਰਫ਼ ਇਹ ਬਦਲਿਆ ਹੈ ਕਿ ਅਸੀਂ ਕਿਵੇਂ ਮਨਾਉਂਦੇ ਹਾਂ, ਸਗੋਂ ਇਹ ਵੀ ਕਿ ਅਸੀਂ ਆਪਣੇ ਜਸ਼ਨਾਂ ਨੂੰ ਕਿਵੇਂ ਸਾਂਝਾ ਕਰਦੇ ਹਾਂ। ਵਰਗੇ ਪਲੇਟਫਾਰਮਾਂ ਨੇ ਤਿਉਹਾਰਾਂ ਨੂੰ ਗਲੋਬਲ ਈਵੈਂਟਸ ਵਿੱਚ ਬਦਲ ਦਿੱਤਾ ਹੈ, ਜਿੱਥੇ ਰੁਝਾਨ ਵਾਇਰਲ ਹੋ ਸਕਦੇ ਹਨ ਅਤੇ ਅੰਤਰ-ਸੱਭਿਆਚਾਰਕ ਆਦਾਨ-ਪ੍ਰਦਾਨ ਆਮ ਹਨ। ਹੈਸ਼ਟੈਗ ਛੁੱਟੀਆਂ: ਹੈਸ਼ਟੈਗ ਜਿਵੇਂ ਕਿ ਜਾਂ 2024 ਲੋਕਾਂ ਲਈ ਆਪਣੇ ਤਿਉਹਾਰਾਂ ਦੇ ਤਜ਼ਰਬਿਆਂ ਨੂੰ ਗਲੋਬਲ ਦਰਸ਼ਕਾਂ ਨਾਲ ਸਾਂਝਾ ਕਰਨ ਦਾ ਇੱਕ ਤਰੀਕਾ ਬਣ ਗਿਆ ਹੈ। ਇਹ ਡਿਜੀਟਲ ਪੈਰਾਂ ਦੇ ਨਿਸ਼ਾਨ ਇੱਕ ਵਿਸ਼ਵਵਿਆਪੀ ਭਾਈਚਾਰੇ ਦੀ ਭਾਵਨਾ ਪੈਦਾ ਕਰਦੇ ਹਨ ਜੋ ਇਕੱਠੇ ਜਸ਼ਨ ਮਨਾਉਂਦੇ ਹਨ। ਪ੍ਰਭਾਵਕ ਸੱਭਿਆਚਾਰ: ਪ੍ਰਭਾਵਕ ਆਧੁਨਿਕ ਤਿਉਹਾਰ ਦੇ ਜਸ਼ਨਾਂ ਨੂੰ ਰੂਪ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਈਦ ਲਈ ਫੈਸ਼ਨ ਟਿਪਸ ਤੋਂ ਲੈ ਕੇ ਨਵੀਨਤਾਕਾਰੀ ਦੀਵਾਲੀ ਤੱਕਪਕਵਾਨਾਂ, ਪ੍ਰਭਾਵਕ ਪ੍ਰੇਰਨਾ ਪ੍ਰਦਾਨ ਕਰਦੇ ਹਨ ਅਤੇ ਉਹਨਾਂ ਦੇ ਅਨੁਯਾਈਆਂ ਨਾਲ ਗੂੰਜਣ ਵਾਲੇ ਰੁਝਾਨਾਂ ਨੂੰ ਸੈੱਟ ਕਰਦੇ ਹਨ। ਵਰਚੁਅਲ ਚੁਣੌਤੀਆਂ ਅਤੇ ਮੁਕਾਬਲੇ: ਸੋਸ਼ਲ ਮੀਡੀਆ ਨੇ ਤਿਉਹਾਰਾਂ ਲਈ ਇੰਟਰਐਕਟਿਵ ਤੱਤ ਵੀ ਪੇਸ਼ ਕੀਤੇ ਹਨ। ਵਰਚੁਅਲ ਚੁਣੌਤੀਆਂ, ਜਿਵੇਂ ਕਿ ਸਜਾਵਟ ਮੁਕਾਬਲੇ ਜਾਂ ਡਾਂਸ-ਆਫ, ਉਪਭੋਗਤਾਵਾਂ ਨੂੰ ਸ਼ਾਮਲ ਕਰਦੇ ਹਨ ਅਤੇ ਜਸ਼ਨ ਦੇ ਆਲੇ-ਦੁਆਲੇ ਇੱਕ ਭਾਗੀਦਾਰੀ ਸੱਭਿਆਚਾਰ ਪੈਦਾ ਕਰਦੇ ਹਨ।

ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਵਿੱਚ ਡਿਜੀਟਲ ਦੀ ਭੂਮਿਕਾ: ਦਿਲਚਸਪ ਗੱਲ ਇਹ ਹੈ ਕਿ, ਜਦੋਂ ਕਿ ਡਿਜੀਟਲ ਪਲੇਟਫਾਰਮਾਂ ਨੇ ਜਸ਼ਨ ਮਨਾਉਣ ਦੇ ਨਵੇਂ ਤਰੀਕੇ ਪੇਸ਼ ਕੀਤੇ ਹਨ, ਉਹਨਾਂ ਨੇ ਪਰੰਪਰਾਗਤ ਅਭਿਆਸਾਂ ਨੂੰ ਸੁਰੱਖਿਅਤ ਰੱਖਣ ਅਤੇ ਮੁੜ ਸੁਰਜੀਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਔਨਲਾਈਨ ਟਿਊਟੋਰਿਅਲ, ਵਰਚੁਅਲ ਵਰਕਸ਼ਾਪਾਂ, ਅਤੇ ਸੱਭਿਆਚਾਰਕ ਐਪਾਂ ਨੇ ਨੌਜਵਾਨ ਪੀੜ੍ਹੀਆਂ ਲਈ ਰਵਾਇਤੀ ਰੀਤੀ ਰਿਵਾਜਾਂ ਬਾਰੇ ਸਿੱਖਣਾ ਅਤੇ ਉਹਨਾਂ ਵਿੱਚ ਹਿੱਸਾ ਲੈਣਾ ਆਸਾਨ ਬਣਾ ਦਿੱਤਾ ਹੈ।

ਵਿਦਿਅਕ ਸਮੱਗਰੀ: ਪਰੰਪਰਾਗਤ ਸ਼ਿਲਪਕਾਰੀ, ਪਕਵਾਨਾਂ ਅਤੇ ਰੀਤੀ ਰਿਵਾਜਾਂ ਨੂੰ ਸਮਰਪਿਤ ਚੈਨਲਾਂ ਅਤੇ ਬਲੌਗਾਂ ਨੇ ਇਹ ਯਕੀਨੀ ਬਣਾਇਆ ਹੈ ਕਿ ਸੱਭਿਆਚਾਰਕ ਗਿਆਨ ਗੁਆਚਿਆ ਨਹੀਂ ਹੈ, ਸਗੋਂ ਆਧੁਨਿਕ ਸੰਦਰਭਾਂ ਦੇ ਅਨੁਕੂਲ ਹੈ। ਗਲੋਬਲ ਪਹੁੰਚਯੋਗਤਾ: ਡਿਜੀਟਲ ਪਲੇਟਫਾਰਮਾਂ ਨੇ ਡਾਇਸਪੋਰਾ ਭਾਈਚਾਰਿਆਂ ਲਈ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੁੜੇ ਰਹਿਣਾ ਸੰਭਵ ਬਣਾਇਆ ਹੈ। ਮੰਦਰ ਦੇ ਸਮਾਰੋਹਾਂ, ਵਰਚੁਅਲ ਸੇਡਰ ਡਿਨਰ, ਜਾਂ ਔਨਲਾਈਨ ਸੱਭਿਆਚਾਰਕ ਤਿਉਹਾਰਾਂ ਦੇ ਲਾਈਵ ਸਟ੍ਰੀਮ ਲੋਕਾਂ ਨੂੰ ਉਹਨਾਂ ਦੇ ਸਥਾਨ ਦੀ ਪਰਵਾਹ ਕੀਤੇ ਬਿਨਾਂ ਰਵਾਇਤੀ ਜਸ਼ਨਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੰਦੇ ਹਨ। ਚੁਣੌਤੀਆਂ ਅਤੇ ਆਲੋਚਨਾਵਾਂ: ਬਹੁਤ ਸਾਰੇ ਲਾਭਾਂ ਦੇ ਬਾਵਜੂਦ, ਤਿਉਹਾਰਾਂ ਦੇ ਡਿਜੀਟਲੀਕਰਨ ਦੀਆਂ ਚੁਣੌਤੀਆਂ ਹਨ। ਵਰਚੁਅਲ ਜਸ਼ਨਾਂ ਵਿੱਚ ਤਬਦੀਲੀ ਕਈ ਵਾਰ ਵਿਅਕਤੀਗਤ ਛੋਹ ਅਤੇ ਭਾਵਨਾਤਮਕ ਸਬੰਧ ਦੇ ਨੁਕਸਾਨ ਦਾ ਕਾਰਨ ਬਣ ਸਕਦੀ ਹੈ ਜੋ ਸਰੀਰਕ ਇਕੱਠ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ, ਔਨਲਾਈਨ ਪਲੇਟਫਾਰਮਾਂ ਰਾਹੀਂ ਤਿਉਹਾਰਾਂ ਦੇ ਵਪਾਰੀਕਰਨ ਨੇ ਸੱਭਿਆਚਾਰਕ ਅਤੇ ਧਾਰਮਿਕ ਮਹੱਤਤਾ ਨੂੰ ਘੱਟ ਕਰਨ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਸਰੀਰਕ ਕਨੈਕਸ਼ਨ ਦਾ ਨੁਕਸਾਨ: ਵਰਚੁਅਲ ਇਕੱਠ, ਜਦੋਂ ਕਿ ਸੁਵਿਧਾਜਨਕ ਹੁੰਦਾ ਹੈ, ਆਹਮੋ-ਸਾਹਮਣੇ ਗੱਲਬਾਤ ਦੀ ਨਿੱਘ ਅਤੇ ਨੇੜਤਾ ਨੂੰ ਪੂਰੀ ਤਰ੍ਹਾਂ ਨਕਲ ਨਹੀਂ ਕਰ ਸਕਦਾ। ਸੰਵੇਦੀ ਅਨੁਭਵ ਜਿਵੇਂ ਕਿ ਤਿਉਹਾਰਾਂ ਦੇ ਭੋਜਨ ਦੀ ਸੁਗੰਧ, ਪਰੰਪਰਾਗਤ ਸੰਗੀਤ ਦੀ ਆਵਾਜ਼, ਅਤੇ ਗੁੰਝਲਦਾਰ ਸਜਾਵਟ ਦੀ ਭਾਵਨਾ ਅਕਸਰ ਡਿਜੀਟਲ ਜਸ਼ਨਾਂ ਵਿੱਚ ਗਾਇਬ ਹੁੰਦੇ ਹਨ। ਵਪਾਰੀਕਰਨ: ਔਨਲਾਈਨ ਇਸ਼ਤਿਹਾਰਾਂ, ਵਿਕਰੀਆਂ ਅਤੇ ਤਰੱਕੀਆਂ ਰਾਹੀਂ ਤਿਉਹਾਰਾਂ ਦਾ ਵਪਾਰੀਕਰਨ ਕਈ ਵਾਰ ਜਸ਼ਨ ਦੇ ਸਹੀ ਅਰਥਾਂ ਨੂੰ ਢੱਕ ਸਕਦਾ ਹੈ, ਇਸ ਨੂੰ ਸੱਭਿਆਚਾਰਕ ਜਾਂ ਧਾਰਮਿਕ ਸਮਾਰੋਹ ਦੀ ਬਜਾਏ ਉਪਭੋਗਤਾ ਦੁਆਰਾ ਸੰਚਾਲਿਤ ਸਮਾਗਮ ਵਿੱਚ ਬਦਲ ਸਕਦਾ ਹੈ। ਸਿੱਟਾ: ਤਿਉਹਾਰਾਂ ਦੇ ਜਸ਼ਨਾਂ ਦਾ ਪਰੰਪਰਾਗਤ ਤੋਂ ਡਿਜੀਟਲ ਤੱਕ ਵਿਕਾਸ ਤਕਨਾਲੋਜੀ ਦੁਆਰਾ ਸੰਚ-ਾਲਿਤ ਵਿਆਪਕ ਸਮਾਜਿਕ ਤਬਦੀਲੀਆਂ ਨੂੰ ਦਰਸਾਉਂਦਾ ਹੈ। ਹਾਲਾਂਕਿ ਤਿਉਹਾਰਾਂ ਦਾ ਸਾਰਸਮੁਦ-ਾਏ, ਪਰੰਪਰਾ, ਅਤੇ ਜਸ਼ਨ ਬਰਕਰ-ਾਰ ਹਨ, ਸਾਡੀ ਵਧਦੀ ਡਿਜੀਟਲ ਜ਼ਿੰਦਗੀ ਨੂੰ ਅਨੁਕੂਲ ਬਣਾਉਣ ਲਈ ਭਾਗੀਦਾਰੀ ਦੇ ਢੰਗ ਵਿਕਸਿਤ ਹੋਏ ਹਨ। ਜਿਵੇਂ ਕਿ ਅਸੀਂ ਅੱਗੇ ਵਧਦੇ ਹਾਂ, ਚੁਣੌਤੀ ਇਹ ਹੋਵੇਗੀ ਕਿ ਰਵਾਇਤੀ ਅਭਿਆਸਾਂ ਦੀ ਅਮੀਰੀ ਦੇ ਨਾਲ ਡਿਜੀਟਲ ਜਸ਼ਨਾਂ ਦੀ ਸਹੂਲਤ ਨੂੰ ਸੰਤੁਲਿਤ ਕੀਤਾ ਜਾਵੇ, ਇਹ ਸੁਨਿਸ਼ਚਿਤ ਕਰਨਾ ਕਿ ਤਿਉਹਾਰ ਸਾਰਿਆਂ ਲਈ ਅਰਥਪੂਰਨ, ਸੰਮਿ-ਲਿਤ ਅਤੇ ਅਨੰਦਮਈ ਮੌਕੇ ਬਣੇ ਰਹਿਣ। ਇਹ ਵਿਸ਼ਾ ਪਾਠਕਾਂ ਨੂੰ ਆਪਣੇ ਜਸ਼ਨਾਂ ਵਿੱਚ ਪਰੰਪਰਾ ਅਤੇ ਆਧੁਨਿਕਤਾ ਦੇ ਵਿਚਕਾਰ ਸੰਤੁਲਨ ਨੂੰ ਦਰਸਾਉਣ ਲਈ ਉਤਸ਼ਾਹਿਤ ਕਰਦੇ ਹੋਏ ਡਿਜੀਟਲ ਯੁੱਗ ਵਿੱਚ ਤਿਉਹਾਰਾਂ ਦੇ ਜਸ਼ਨਾਂ ਨੂੰ ਕਿਵੇਂ ਬਦਲਿਆ ਹੈ ਇਸ ਬਾਰੇ ਇੱਕ ਵਿਆਪਕ ਝਲਕ ਪੇਸ਼ ਕਰਦਾ ਹੈ।

## ਆਖਿਰ ਕੌਣ ਹੈ ਤੇ ਕੀ ਹੈ ਰਾਵਣ?

ਹਰ ਸਾਲ ਜਾਂਦੇ ਹਨ ਸਾੜੇ ਪੁਤਲੇ ਰਾਵਣ ਦੇ
ਇਕ ਵਿਸ਼ੇਸ਼ ਮਿਤੀ ਵਾਲੇ ਦਿਨ
ਇਸ ਦਿਨ ਨੂੰ ਕਿਹਾ ਜਾਂਦਾ ਹੈ ਤਿਉਹਾਰ ਦੁਸਹਿਰੇ ਦਾ ਕਿਉਂਕਿ
ਦੁਸਹਿਰਾ ਪ੍ਰਤੀਕ ਹੈ ਜਿੱਤ ਦਾ ਚੰਗਿਆਈ ਦੀ , ਬੁਰਿਆਈਉਪਰ
ਉਭਰ ਰਹੀ ਹੈ ਸੋਚ ਕਿ ਪਤਾ ਨਹੀਂ ਕਿੰਨੇ ਕੁ ਸਾਲਾਂ ਤੋਂ
ਵਾਪਰ ਰਿਹਾ ਹੈ ਇਹ ਸਭ,ਦੁਹਰਾਇਆ ਜਾ ਰਿਹਾ ਹੈ ਇਹ
ਕੀ ਹੋਵੇਗਾ ਖ਼ਤਮ ਕਦੇ ਸਿਲਸਿਲਾ ਇਹ?
ਰਾਵਣ ਦੇ ਪੁਤਲੇ ਨੂੰ ਜਲਾਉਣ ਦਾ?
ਆਖਿਰ ਕੌਣ ਹੈ ਤੇ ਕੀ ਹੈ ਰਾਵਣ?
ਹਾਂ ਆਗਿਆ ਯਾਦ !
ਰਾਵਣ ਕਹਿੰਦੇ ਹਨ ਹਰ ਮਨੁੱਖ ਦੇ ਅੰਦਰ ਦੇ ਵਹਿਸ਼ੀ ਪੁਣੇ ਨੂੰ,
ਕ੍ਰੋਧ ਨੂੰ,ਲਾਲਚਨੂੰ,ਮੋਹ ਤੇ ਮਮਤਾ ਨੂੰ,ਹੰਕਾਰ ਨੂੰ ਤੇ
ਸਾਰੀਆਂ ਲਾਲਸਾਵਾਂ ਨੂੰ!
ਜਿਸ ਵਿੱਚ ਵੱਧ ਹੋਣ ਇਹ ਲਾਲਸਾਵਾਂ
ਉਨਾਂ ਹੀ ਹੁੰਦਾ ਹੈ ਇਹ ਰਾਵਣ ਵੱਡਾ
ਕਿਉਂਕਿ ਦਿਨੋਂ ਦਿਨ ਜਾ ਰਹੇ ਹਨ ਵੱਧਦੇ ਤੇ ਵੱਧਦੇ
ਸਾਡੀ ਈਰਖਾ ਦੇ ਕਾਰਣ ਸਾਡੇ ਲਾਲਚ ਦੇ ਕਾਰਣ
ਹੀ ਤਾਂ ਵੱਡੇ ਹੁੰਦੇ ਜਾ ਰਹੇ ਹਨ ਹਰ ਮਨੁੱਖ ਅੰਦਰਲੇ ਰਾਵਣ
ਤਾਂ ਹੀ ਤਾਂ ਇਹ ਮੁੱਕਦੇ ਨਹੀਂ
ਤਾਂ ਹੀ ਤਾਂ ਨਹੀਂ ਹੋ ਰਹੀ ਜਿੱਤ
ਚੰਗਿਆਈ ਦੀ ਬੁਰਿਆਈ ਉੱਪਰ
ਹਾਂ
ਜੇ ਚਾਹੁੰਦੇ ਹੋ ਕਰਨੀ ਪ੍ਰਾਪਤ ਇਹ ਜਿੱਤ ਸੱਚਮੁਚ ਹੀ
ਆਓ ਕਰੀਏ ਇੱਕ ਤਹੱਈਆ
ਅੱਜ ਤੋਂ ਹੀ ,?
ਨਹੀਂ ਨਹੀਂ ਹੁਣ ਤੋਂ ਹੀ
ਰਾਵਣ ਨੂੰ ਮਾਰ ਮੁਕਾਉਣ ਦਾ
ਕਿਸੇ ਦੇ ਨਾ ਜ਼ਿੰਮੇ ਲਾਈਏ
ਮਾਰੀਏ ਆਪਣਾ ਆਪਣਾ ਰਾਵਣ ਆਪੇ ਹੀ
ਤਾਂ ਫਿਰ ਰਾਵਣਛੇਤੀ ਹੀ ਮੁੱਕ ਜਾਣਗੇ ;ਛੇਤੀ ਹੀ ਰਾਵਣ ਮੁੱਕ ਜਾਣਗੇ
ਸਾਰੇ ਰਾਵਣ ਮੁੱਕ ਜਾਣਗੇ;ਰਾਵਣ ਸਾਰੇ ਹੀ ਮੁੱਕ ਜਾਣਗੇ!!

ਅਮਰਜੀਤ ਕੌਰ,ਸਟੇਟਐਵਾਰਡੀ
ਸੇਵਾ ਮੁਕਤ ਮੁੱਖ ਅਧਿਆਪਕਾ
ਕੈਲਾਡਨ,ਓਂਟੈਰੀਓ।

# ਮੈਂ ਰੋਬਿਟ ਬੋਲਦਾ ਹਾਂ......... (ਕਹਾਣੀ)



ਕੰਵਲ ਹਿਰਦੇਪਾਲ ਕੌਰ ਛੀਨਾ
9779052732

ਦੀਵਾਲ਼ੀ ਨੇੜੇ ਹੋਣ ਕਰਕੇ ਆਲ਼ੇ-ਦੁਆਲ਼ੇ ਰੰਗ-ਬਿਰੰਗੀਆਂ ਰੌਸ਼ਨੀਆਂ ਨਜ਼ਰ ਆ ਰਹੀਆਂ ਸਨ। ਪਰ ਅਚਾਨਕ ਹਨੇਰੀ-ਝੱਖੜ ਕਰਕੇ ਬਿਜਲੀ ਗੁੱਲ ਹੋ ਗਈ ਸੀ,ਮੈਂ ਪਿਛਲੇ ਵਿਹੜੇ ਵਿੱਚ ਘੁੰਮ ਰਿਹਾ ਸੀ,ਆਲ਼ੇ-ਦੁਆਲ਼ੇ ਦੀ ਬਿੜਕ ਲੈਣ ਖਾਤਰ।ਮੇਰੀ ਇੱਕ ਅਵਾਜ਼ ਨਾਲ ਹੀ ਆਲ਼ਾ-ਦੁਆਲ਼ਾ ਠਠੰਬਰ ਜਾਂਦਾ ਸੀ ਤੇ ਫਿਰ ਮੈਂ ਸ਼ਾਂਤ-ਚਿੱਤ ਹੋ ਕੇ ਬੈਠ ਜਾਂਦਾ।ਪਰ ਮੈਨੂੰ ਸਾਰੀ ਰਾਤ ਨੀਂਦ ਨਾ ਆਉਂਦੀ।ਮੈਂ ਘੁੰਮਦਾ ਰਹਿੰਦਾ,ਕਦੀ ਇਧਰ ਤੇ ਕਦੀ ਉਧਰ।ਹੁਣ ਬਿਜਲੀ ਆ ਗਈ ਤੇ ਘਰ ਵਿੱਚ ਫਿਰ ਚਾਨਣ ਹੋ ਗਿਆ।ਪਰ ਕਾਹਦਾ ਚਾਨਣ,ਮੈਨੂੰ ਤਾਂ ਸਿਖਰ ਦੁਪਹਿਰੇ ਵੀ ਇਥੇ ਹਨੇਰਾ ਹੀ ਵਿਖਾਈ ਦਿੰਦਾ ਸੀ,ਕਿਉਂਜੁ ਮੈਨੂੰ ਇਥੇ ਕੋਈ ਵੀ ਆਪਣਾ ਵਿਖਾਈ ਨਹੀਂ ਸੀ ਦਿੰਦਾ।

ਇਹ ਉਹੀ ਘਰ ਸੀ,ਜਿਸ ਵਿੱਚ ਮੈਨੂੰ ਨਿੱਕੇ ਜਿਹੇ ਨੂੰ ਲੈ ਕੇ ਆਏ ਸਨ।ਉਹ ਦੋਵੇਂ ਜੀਅ ਬੜੇ ਖੁਸ਼ ਸਨ ਤੇ ਉਹਨਾਂ ਨੇ ਮੈਨੂੰ ਬੜੇ ਲਾਡ ਨਾਲ ਪਾਲਿਆ ਸੀ।ਮੈਂ ਅੰਦਰ-ਬਾਹਰ ਘੁੰਮਦਾ ਰਹਿੰਦਾ ਤੇ ਕਿਸੇ ਦੇ ਆਉਣ ਤੇ ਮੈਨੂੰ ਮੇਰੇ ਛੋਟੇ ਜਿਹੇ ਘਰ ਵਿੱਚ ਭੇਜ ਦਿੱਤਾ ਜਾਂਦਾ ।ਮੈਂ ਬਹੁਤ ਖੁਸ਼ ਹੁੰਦਾ ਜਦੋਂ ਆਪਣੇ ਮਾਲਕ ਨਾਲ ਘਰੋਂ ਨਿਕਲ ਕੇ ਸੜਕ ਤੱਕ ਸੈਰ ਕਰਨ ਜਾਂਦਾ।ਕਈ ਵਾਰ ਤਾਂ ਮੈਂ ਸੰਗਲੀ ਛੁਡਾ ਕੇ ਦੂਰ ਦੌੜ ਜਾਂਦਾ ਤੇ ਉਹਨਾਂ ਦੇ ਅਵਾਜ਼ਾਂ ਮਾਰਨ ‘ਤੇ ਥੋੜ੍ਹੀ ਮਸਤੀ ਕਰਕੇ ਵਾਪਸ ਆ ਜਾਂਦਾ।

ਸਮਾਂ ਬੀਤਦਾ ਗਿਆ,ਤੇ ਹੁਣ ਮੈਂ ਵੱਡਾ ਹੋ ਗਿਆ ਸੀ।ਹੁਣ ਮੈਨੂੰ ਸਮਝ ਆ ਗਈ ਸੀ ਕਿ ਇਸ ਪਰਿਵਾਰ ਦੇ ਹੋਰ ਵੀ ਮੈਂਬਰ ਹਨ ਜੋ ਬਾਹਰਲੇ ਦੇਸ਼ ਵਿੱਚ ਹਨ,ਕਿਉਂਕਿ ਮੈਂ ਉਹਨਾਂ ਨੂੰ ਕਈ ਵਾਰ ਵੀਡਿਓ-ਕਾਲ ਵਿੱਚ ਵੇਖ ਲੈਂਦਾ ਸੀ।ਤੇ ਜਦੋਂ ਜਲੰਧਰ ਵਾਲੇ ਆਉਂਦੇ ਸਨ ਤਾਂ ਮੈਂ ਜਿਵੇਂ ਭੂਤਰ ਹੀ ਜਾਂਦਾ ਸੀ,ਮੈਂ ਪੂਛ ਹਿਲਾ ਕੇ ਬੱਚਿਆਂ ਦੇ ਅੱਗੇ-ਪਿੱਛੇ ਭੱਜਦਾ ਸੀ।ਬੱਚੇ ਕਈ ਵਾਰ ਤਾਂ ਮੇਰੇ ਤੋਂ ਡਰ ਜਾਂਦੇ,ਪਰ ਹੌਲ਼ੀ-ਹੌਲ਼ੀ ਉਹ ਜਦੋਂ ਮੇਰੇ ਲਾਡ ਨੂੰ ਸਮਝ ਕੇ ਮੇਰੇ ਤੇ ਪਿਆਰ ਨਾਲ ਹੱਥ ਫੇਰਦੇ ਤਾਂ ਮੈਂ ਬਾਗਬਾਗ ਹੋ ਜਾਂਦਾ ਸੀ।ਉਹ ਕਈ ਵਾਰ ਮੈਨੂੰ ‘ਬਾਦਸ਼ਾਹ’ ਕਹਿ ਕੇ ਅਵਾਜ਼ ਮਾਰਦੇ ਤਾਂ ਮੈਂ ਹੈਰਾਨ ਹੁੰਦਾ,ਪਰ ਫਿਰ ਮੈਨੂੰ ਪਤਾ ਲੱਗ ਗਿਆ ਸੀ ਕਿ ਮੇਰੇ ਵਾਂਗ ਪਹਿਲਾਂ ਬਾਦਸ਼ਾਹ ਵੀ ਇਸ ਘਰ ਦਾ ਮੈਂਬਰ ਸੀ।ਮੈਨੂੰ ਕਦੀ ਵੀ ਉਸਦੇ ਨਾਂ ਤੋਂ ਈਰਖਾ ਨਹੀਂ ਸੀ ਹੋਈ,ਸਗੋਂ ਇਹ ਨਾਂ ਵੀ ਮੈਨੂੰ ਪਿਆਰਾ ਲੱਗਦਾ ਸੀ।

ਮੈਂ ਉਦੋਂ ਬੜਾ ਦੁਖੀ ਹੁੰਦਾ ਸੀ ਜਦੋਂ ਆਪਣੇ ਮਾਲਕ ਨੂੰ ਬਿਮਾਰ ਵੇਖਦਾ ਸਾਂ।ਉਹ ਅੰਦਰ-ਬਾਹਰ ਆਉਂਦੇ-ਜਾਂਦੇ ਮੈਨੂੰ ਪੁਚਕਾਰਦੇ ਸਨ।ਮੈਂ ਮਨ ਹੀ ਮਨ ਉਹਨਾਂ ਦੇ ਛੇਤੀ ਠੀਕ ਹੋਣ ਦੀ ਅਰਦਾਸ ਕਰਦਾ ਸੀ।ਪਰ ਸ਼ਾਇਦ ਰੱਬ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ ਤੇ ਜਦੋਂ ਉਹ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਤਾਂ ਉਹਨਾਂ ਦੇ ਸੰਸਕਾਰ ਸਮੇਂ ਬੜਾ ਰੋਇਆ ਸੀ ਮੈਂ।ਮੈਂ ਲੱਖ ਯਤਨ ਕਰਨ ਦੇ ਬਾਵਜੂਦ ਵੀ ਆਪਣੇ ਅੱਥਰੂ ਰੋਕ ਨਹੀਂ ਸੀ ਪਾਇਆ।

ਕੁੱਝ ਦਿਨਾਂ ਪਿਛੋਂ ਤਾਂ ਘਰ ਖਾਲੀ ਜਿਹਾ ਹੀ ਹੋ ਗਿਆ ਸੀ।ਹੁਣ ਮੈਂ ਘਰ ਵਿੱਚ ਬਿਲਕੁੱਲ ਓਪਰਿਆਂ ਦੇ ਆਸਰੇ ਰਹਿ ਗਿਆਂ ਸਾਂ।ਬੇਸ਼ੱਕ ਮੇਰੀ ਖੁਰਾਕ ਵਿੱਚ ਕੋਈ ਕਮੀ ਨਹੀਂ ਸੀ ਆਈ,ਪਰ ਸ਼ਾਇਦ ਮੈਨੂੰ ਮੇਰੇ ਮਾਲਕ ਦੀ ਜੁਦਾਈ ਨੇ ਵਧੇਰੇ ਕਮਜ਼ੋਰ ਕਰ ਦਿੱਤਾ ਸੀ।ਹੁਣ ਉਹਨਾਂ ਦੀ ਇਥੇ ਰਹਿੰਦੀ ਧੀ ਵੀ ਕਦੇ-ਕਦਾਈਂ ਹੀ ਗੇੜਾ ਮਾਰਦੀ ਸੀ।ਮੈਂ ਕਈ ਵਾਰ ਉਹਨਾਂ ਨੂੰ ਉਡੀਕਦਾ ਰਹਿੰਦਾ।ਇੱਕ ਦਿਨ ਜਦੋਂ ਉਹ ਕਈ ਮਹੀਨਿਆਂ ਬਾਅਦ ਇਥੇ ਆਏ ਤਾਂ ਮੈਂ ਅੰਦਰੋਂ ਦੁਖੀ ਸੀ ਮੈਂ ਆਪਣੀ ਨਰਾਜ਼ਗੀ ਜ਼ਾਹਰ ਕਰਨ ਖਾਤਰ ਪਹਿਲਾਂ ਤਾਂ ਉਹਨਾਂ ਨਾਲ ਸਿੱਧੇ ਮੂੰਹ ਬੋਲਿਆ ਨਹੀਂ ਸਾਂ,ਪਰ ਥੋੜ੍ਹੇ ਚਿਰ ਪਿਛੋਂ ਹੀ ਸਾਰਾ ਗੁੱਸਾ ਥੁੱਕ ਕੇ ਉਹਨਾਂ ਦੇ ਮਗਰ-ਮਗਰ ਤੁਰ ਪਿਆਂ ਸਾਂ।

ਪਰ ਸੱਚ ਤਾਂ ਇਹੀ ਸੀ ਕਿ ਮੈਂ ਹੁਣ ਪਹਿਲਾਂ ਵਾਂਗ ਤੰਦਰੁਸਤ ਮਹਿਸੂਸ ਨਹੀਂ ਸੀ ਕਰਦਾ।ਮੈਂ ਅਕਸਰ ਆਪਣੇ ਮਾਲਕ ਦੇ ਅੰਤਮ-ਸੰਸਕਾਰ ਵਾਲੀ ਥਾਂ ਤੇ ਬੈਠ ਕੇ ਉਹਨਾਂ ਨੂੰ ਬਹੁਤ ਯਾਦ ਕਰਦਾ ਸੀ।ਉਹਨਾਂ ਤੋਂ ਬਿਨਾਂ ਮੈਨੂੰ ਇਹ ਆਲ਼ਾ-ਦੁਆਲ਼ਾ ਵੱਢ ਖਾਣ ਨੂੰ ਪੈਂਦਾ ਸੀ।ਹੁਣ ਮੈਂ ਮਨ ਹੀ ਮਨ ਇਸ ਦੁਨੀਆਂ ਨੂੰ ਅਲਵਿਦਾ ਆਖਣ ਦੀ ਉਡੀਕ ਕਰਨ ਲੱਗ ਪਿਆ ਸੀ।

# ਸੱਚਾ ਦੋਸਤ : ਮੈਥਿਲੀ ਲੋਕ ਕਹਾਣੀ

ਮੈਥਿਲੀ ਦੇਸ਼ ਦੇ ਜੰਗਲ ਵਿੱਚ ਇੱਕ ਸ਼ੇਰ ਪਰਿਵਾਰ ਵੱਸਦਾ ਸੀ। ਉਨ੍ਹਾਂ ਦੇ ਰਾਜਕੁਮਾਰ ਬੇਟੇ ਦਾ ਵਿਆਹ ਗੁਆਂਢੀ ਜੰਗਲ ਵਿੱਚ ਰਹਿੰਦੇ ਸ਼ੇਰ ਦੀ ਬੇਟੀ ਸ਼ਹਿਜ਼ਾਦੀ ਪ੍ਰਬੀਨ ਨਾਲ ਹੋਇਆ। ਜਦੋਂ ਰਾਜਕੁਮਾਰ ਆਪਣੀ ਵਿਆਹੁਤਾ ਸ਼ਹਿਜ਼ਾਦੀ ਪ੍ਰਬੀਨ ਕੋਲ ਗਿਆ ਤਾਂ ਉਸ ਨੇ ਸਵਾਲ ਕੀਤਾ, ‘‘ਕੀ ਕੋਈ ਤੁਹਾਡਾ ਦੋਸਤ ਹੈ? ਜੇ ਨਹੀਂ ਤਾਂ ਪਹਿਲਾਂ ਕਿਸੇ ਨੂੰ ਆਪਣਾ ਦੋਸਤ ਬਣਾਓ। ਕੋਈ ਮਿੱਤਰ ਬਣਾ ਕੇ ਹੀ ਮੇਰੇ ਪਾਸ ਆਉਣਾ।’’ ਨੌਜਵਾਨ ਰਾਜਕੁਮਾਰ ਨੇ ਸਹਿਮਤ ਹੁੰਦਿਆਂ ਕਿਹਾ, ‘‘ਕੱਲ੍ਹ ਸਵੇਰੇ ਮੈਂ ਘਰੋਂ ਨਿਕਲਾਂਗਾ ਅਤੇ ਜੋ ਵੀ ਪਸ਼ੂ ਪੰਛੀ ਮਿਲੇਗਾ, ਉਸ ਨੂੰ ਆਪਣਾ ਦੋਸਤ ਬਣਾ ਲਵਾਂਗਾ।’’

ਅਗਲੇ ਦਿਨ ਸਵੇਰੇ ਰਾਜਕੁਮਾਰ ਸ਼ੇਰ ਆਪਣੇ ਘਰੋਂ ਨਿਕਲਿਆ ਤਾਂ ਉਸ ਨੂੰ ਇੱਕ ਚਿੜੀ ਮਿਲੀ। ਉਸ ਨੂੰ ਇਹ ਛੋਟਾ ਜਿਹਾ ਪੰਛੀ ਮਿੱਤਰਤਾ ਦੇ ਯੋਗ ਤਾਂ ਨਹੀਂ ਲੱਗਿਆ, ਪਰ ਸ਼ਹਿਜ਼ਾਦੀ ਨਾਲ ਕੀਤੇ ਵਾਅਦੇ ਕਾਰਨ ਉਸ ਨੇ ਚਿੜੀ ਕੋਲ ਦੋਸਤੀ ਦਾ ਪ੍ਰਸਤਾਵ ਰੱਖਿਆ। ਚਿੜੀ ਨੇ ਪ੍ਰਸਤਾਵ ਸਵੀਕਾਰ ਕਰ ਲਿਆ। ਇਸ ਤਰ੍ਹਾਂ ਉਹ ਦੋਵੇਂ ਮਿੱਤਰ ਬਣ ਗਏ। ਦਿਨ ਲੰਘਦੇ ਗਏ।

ਇੱਕ ਦਿਨ ਲੂੰਮੜੀ ਨੇ ਸੁਫ਼ਨਾ ਵੇਖਿਆ ਕਿ ਉਹ ਸੁਪਨੇ ਵਿੱਚ ਰਾਜਕੁਮਾਰ ਸ਼ੇਰ ਦਾ ਮਾਸ ਖਾ ਰਹੀ ਹੈ। ਸਵੇਰੇ-ਸਵੇਰੇ ਸੁੱਤੀ ਉੱਠਦਿਆਂ ਹੀ ਉਹ ਜੋਤਿਸ਼ੀ ਕੋਲ ਗਈ ਅਤੇ ਤੜਕਸਾਰ ਆਏ ਸੁਫ਼ਨੇ ਦਾ ਅਰਥ ਪੁੱਛਿਆ। ਜੋਤਿਸ਼ੀ ਨੇ ਭਵਿੱਖਬਾਣੀ ਕੀਤੀ ਕਿ ਜੋਤਿਸ਼ ਵਿੱਦਿਆ ਅਨੁਸਾਰ ਸਵੇਰ ਦਾ ਸੁਫ਼ਨਾ ਸੱਚਾ ਹੁੰਦਾ ਹੈ ਤੇ ਉਹ ਯਕੀਨਨ ਸ਼ੇਰ ਦਾ ਮਾਸ ਖਾਵੇਗੀ। ਲੂੰਮੜੀ ਦੌੜੀ-ਦੌੜੀ ਨੌਜਵਾਨ ਸ਼ੇਰ ਪਾਸ ਗਈ ਅਤੇ ਉਸ ਨੂੰ ਕਹਿਣ ਲੱਗੀ, ‘‘ਮੈਂ ਸਵੇਰੇ-ਸਵੇਰੇ ਸੁਫ਼ਨਾ ਵੇਖਿਆ ਹੈ ਕਿ ਮੈਂ ਤੁਹਾਡਾ ਮਾਸ ਖਾ ਰਹੀ ਹਾਂ। ਇਸ ਲਈ ਕੱਲ੍ਹ ਤੁਹਾਨੂੰ ਮਰਨਾ ਪਵੇਗਾ ਕਿਉਂਕਿ ਮੈਂ ਤੁਹਾਡਾ ਮਾਸ ਖਾਣ ਆਵਾਂਗੀ।’’

ਨੌਜਵਾਨ ਸ਼ੇਰ ਦਾ ਪਰਿਵਾਰ ਚਿੰਤਾ ’ਚ ਡੁੱਬ ਗਿਆ। ਰਾਜਕੁਮਾਰ ਸ਼ੇਰ ਆਪਣੇ ਸਾਰੇ ਇਸ਼ਟਾਂ ਕੋਲ ਗਿਆ ਅਤੇ ਉਨ੍ਹਾਂ ਸਾਰਿਆਂ ਤੋਂ ਨਿਮਰਤਾ ਸਹਿਤ ਇਸ ਸੰਕਟ ਵਿੱਚੋਂ ਨਿਕਲਣ ਦਾ ਉਪਾਅ ਪੁੱਛਿਆ, ਪਰ ਉਨ੍ਹਾਂ ਵੀ ਸਵੇਰ ਦੇ ਸੁਫ਼ਨੇ ਦੇ ਸੱਚ ਹੋਣ ਦੀ ਗੱਲ ਆਖੀ। ਰਾਜਕੁਮਾਰ ਸ਼ੇਰ ਨਿਰਾਸ਼ ਹੋ ਗਿਆ ਕਿ ਹੁਣ ਉਸ ਦੀ ਜੀਵਨ ਰੱਖਿਆ ਸੰਭਵ ਨਹੀਂ ਹੈ, ਪਰ ਸ਼ਹਿਜ਼ਾਦੀ ਪ੍ਰਬੀਨ ਨੇ ਕਿਹਾ, ‘‘ਔਖੇ ਵੇਲੇ ਦੋਸਤ ਹੀ ਦੋਸਤ ਦੇ ਕੰਮ ਆਉਂਦਾ ਹੈ। ਆਪਣੀ ਮਿੱਤਰ ਨੂੰ ਮਿਲਣ ’ਚ ਤੁਹਾਨੂੰ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ। ਉਹੀ ਸਹੀ ਸਲਾਹ ਅਤੇ ਸਹਿਯੋਗ ਦੇਵੇਗੀ।’’

ਰਾਜਕੁਮਾਰ ਸ਼ੇਰ ਆਪਣੀ ਮਿੱਤਰ ਚਿੜੀ ਕੋਲ ਗਿਆ ਅਤੇ ਵਿਸਥਾਰ ਵਿੱਚ ਆਪਣੀ ਜਾਨ ਦਾ ਖੌਅ ਬਣੇ ਸੰਕਟ ਬਾਰੇ ਦੱਸਿਆ। ਉਸ ਦੀ ਸਮੱਸਿਆ ਸੁਣ ਕੇ ਚਿੜੀ ਨੇ ਕਿਹਾ, ‘‘ਦੋਸਤ! ਬੱਸ ਐਨੀ ਕੁ ਗੱਲ? ਵੇਖੋ ਕੱਲ੍ਹ ਕੀ ਹੁੰਦਾ ਹੈ!’’ ਅਗਲੇ ਦਿਨ ਚਿੜੀ ਸਜ-ਧਜ ਕੇ ਸ਼ੰਕਰ ਭਗਵਾਨ ਦੇ ਦਰਬਾਰ ਪਹੁੰਚੀ। ਦਰਬਾਰ ਵਿੱਚ ਰਿਸ਼ੀ ਮੁਨੀ ਅਤੇ ਦੇਵਤੇ ਹਾਜ਼ਰ ਸਨ। ਚਿੜੀ ਨੇ ਬੇਨਤੀ ਕੀਤੀ, ‘‘ਪ੍ਰਭੂ! ਅੱਜ ਸਵੇਰੇ ਮੈਂ ਇੱਕ ਸੁਫ਼ਨਾ ਵੇਖਿਆ ਜਿਸ ਵਿੱਚ ਮੇਰਾ ਵਿਆਹ ਤੁਹਾਡੇ ਨਾਲ ਹੋਇਆ। ਇਸ ਲਈ ਕਿਰਪਾ ਕਰਕੇ ਇਸ ਦਾਸੀ ਨੂੰ ਸਵੀਕਾਰ ਕਰੋ।’’ ਇਹ ਸੁਣ ਕੇ ਪਾਰਬਤੀ ਦੇ ਮੱਥੇ ਤਿਊੜੀ ਪਈ। ਰਿਸ਼ੀ-ਮੁਨੀ, ਦੇਵੀ-ਦੇਵਤੇ ਅਤੇ ਭਗਵਾਨ ਸ਼ੰਕਰ ਚਿੰਤਾ ’ਚ ਪੈ ਗਏ, ਪਰ ਫਿਰ ਵਿਚਾਰ ਮੰਥਨ ਤੋਂ ਬਾਅਦ ਸ਼ਿਵ ਸ਼ੰਕਰ ਨੇ ਫਰਮਾਇਆ, ‘‘ਭਲਾ ਇਹ ਕਿਵੇਂ ਹੋ ਸਕਦਾ ਹੈ? ਕੀ ਸੁਫ਼ਨੇ ਦੀ ਗੱਲ ਨੂੰ ਸੱਚ ਮੰਨਿਆ ਜਾ ਸਕਦਾ ਹੈ? ਨਹੀਂ, ਇਹ ਹਰਗਿਜ਼ ਨਹੀਂ ਹੋ ਸਕਦਾ।’’ ‘‘ਪ੍ਰਭੂ! ਜੇ ਮੇਰੇ ਸੁਫ਼ਨੇ ਕਰਕੇ ਮੇਰੀ ਸ਼ਾਦੀ ਤੁਹਾਡੇ ਨਾਲ ਨਹੀਂ ਹੋ ਸਕਦੀ ਤਾਂ ਲੂੰਮੜੀ ਦੇ ਸੁਫ਼ਨੇ ਕਰਕੇ ਸ਼ੇਰ ਦਾ ਮਾਸ ਖਾਣ ਦੀ ਗੱਲ ਨੂੰ ਕਿਵੇਂ ਸੱਚ ਮੰਨਿਆ ਜਾ ਸਕਦਾ ਹੈ?’’ ਭਗਵਾਨ ਸ਼ਿਵ ਸ਼ੰਕਰ ਨੂੰ ਰਾਜਕੁਮਾਰ ਸ਼ੇਰ ਦੀ ਕੀਤੀ ਫਰਿਆਦ ਯਾਦ ਆਈ।

‘‘ਹਾਂ, ਲੂੰਮੜੀ ਸੁਫ਼ਨੇ ਦੇ ਆਧਾਰ ’ਤੇ ਸ਼ੇਰ ਦਾ ਮਾਸ ਨਹੀਂ ਖਾ ਸਕਦੀ।’’ ਭੋਲੇ ਸ਼ੰਕਰ ਦਾ ਫ਼ੈਸਲਾ ਸੁਣ ਕੇ ਚਿੜੀ ਨੇ ਭਗਵਾਨ ਸ਼ਿਵ ਨੂੰ ਪ੍ਰਣਾਮ ਕੀਤਾ। ਉਸ ਨੇ ਸਾਰੀ ਗੱਲ ਵਾਪਸ ਜਾ ਕੇ ਰਾਜਕੁਮਾਰ ਸ਼ੇਰ ਅਤੇ ਸ਼ਹਿਜ਼ਾਦੀ ਪ੍ਰਬੀਨ ਨੂੰ ਦੱਸੀ। ਉਨ੍ਹਾਂ ਨੇ ਆਪਣੀ ਮਿੱਤਰ ਚਿੜੀ ਦਾ ਧੰਨਵਾਦ ਕੀਤਾ। ਕਿਸੇ ਠੀਕ ਕਿਹਾ ਹੈ ਕਿ ਸੱਚਾ ਦੋਸਤ ਹੀ ਸਾਡੀ ਸਭ ਤੋਂ ਵੱਡੀ ਪੂੰਜੀ ਹੁੰਦੀ ਹੈ।






PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA

416-669-1423
www.purbahomes.com

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon



visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

CALL JAG FOR A QUICK & FREE HOME EVALUATION
www BramptonTopRealtor.com www BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH
1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੁਇਟ ਅਤੇ ਵਾਕ ਇਨ ਕਲੋਜ਼ਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE
2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੁਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION
900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਂਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE
1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੁਇਟ ਅਤੇ Walk-in ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)* *Some Conditions Apply.

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022